# Light for the Soul



Ms. Kiran Bala

SSSS College of Commerce for Women
Amritsar

# Preface

*This book is a compilation of inspirational messages communicated daily to the students through Class WhatsApp groups over the lockdown period April –August 2020. Based upon the precious gems - quotes of famous poets, scholars, saints and mystics, these messages convey the essence of basic human values in simple words.*

*Written mainly in Punjabi or Hindi, the interpretation of each quote touches the heart and the beauty of each message enlightens the soul in an instant.*

*We are immensely grateful to Ms Kiran Bala for this labour of love and offer this ebook as a bouquet to every seeker of fragrance.*


*Dr. Navdeep Kaur*
*PRINCIPAL*

Concept & Script: Ms. Kiran Bala

Design: Mrs. Isha Arora

Typesetting: Ms. Twinkle

Year: 2020




धरती के प्यारे इंसानों ज़िन्दगी का, अपने परिवार का, इस धरती की हर चीज का शुक्रिया अदा कीजिए यह समा खुद के साथ और पूरे अस्तित्व के साथ एक होने का है घर पर रहे और ध्यान जरूर करे | आपका आपके परिवार का भला हो |





ਧਰਤੀ ਦੇ ਵਸਨੀਕ ਪਿਆਰੇ ਦੋਸਤੋ ਹਰ ਦਿਨ
ਦਾ ਸ਼ੁਕਰੀਆ ਅਦਾ ਕਰੋ
ਚੁਸਤ ਰਹੋ ਤੰਦਰੁਸਤ ਰਹੋ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ ਜੀਓ


अगर आप इच्छुक हैं, तो अपने जीवन के हर पल के अनुभव को शानदार बना सकते हैं। बस सांस लेने और छोड़ने को ही एक जबरदस्त प्रेम प्रसंग बना सकते हैं।



ਪਿਆਰੇ ਦੋਸਤੋ
ਤੁਸੀ ਖੁਦ ਦੇ ਨਜ਼ਦੀਕ ਹੁੰਦੇ ਗਏ ਤਾਂ
ਅੰਦਰੋ ਮਜ਼ਬੂਤ ਹੁੰਦੇ ਜਾਵੋਗੇ
ਜਿਆਦਾ ਸਮਾਂ ਆਪਣੇ ਸਾਹਾਂ ਤੇ ਧਿਆਨ ਦਿਓ
ਕੁਦਰਤ ਸਾਹਾਂ ਰਾਹੀਂ ਤੁਹਾਡੇ ਨਾਲ ਜੁੜੇਗੀ
ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਹੋਵੇ ਜੀਉ




ਪਿਆਰੇ ਦੋਸਤੋ
ਕੁਦਰਤ ਦੀ ਆਪਣੀ ਇਕ ਆਵਾਜ਼ ਹੁੰਦੀ ਹੈ
ਅਸੀਂ ਆਪਣੇ ਹੀ ਸ਼ੋਰ ਚ ਓਹਨੂੰ ਜਿਆਦਾਤਰ ਸੁਣਦੇ ਨਹੀਂ
ਚੁੱਪ ਹੋਕੇ ਬੈਠਿਆ ਇਸ ਨਾਲ ਜੁੜਿਆ ਜਾ ਸਕਦਾ
ਇਸ ਆਵਾਜ਼ ਨਾਲ ਜੁੜਨਾ ਪੂਰੇ ਬ੍ਰਹਿਮੰਡ ਨਾਲ ਜੁੜਨਾ ਹੈ
ਖੁਦ ਨਾਲ ਜੁੜ ਜਾਣਾ ਹੈ
ਖੁਦ ਨੂੰ ਮਿਲਿਆਂ ਹਰ ਮੁਸ਼ਕਿਲ ਦਾ ਹੱਲ ਹੈ
ਜ਼ਿੰਦਗੀ, ਜੀਵਨ ਦਾ ਸ਼ੁਕਰੀਆ ਕਰੋ
ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਹੋਵੇ
ਜੀਉ





ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਮੁਸਕਿਲ ਵਕਤ ਚ ਇਹ ਪਤਾ ਲਗਦਾ ਕੇ ਤੁਸੀ ਖੁਦ ਲਈ,
ਪਰਿਵਾਰ ਲਈ,
ਇਨਸਾਨਾਂ ਲਈ ਤੇ ਇਸ ਗ੍ਰਹਿ ਲਈ
ਸ਼ਾਨਦਾਰ ਇਨਸਾਨ ਹੋ ਕੇ ਨਹੀਂ
ਖੁਦ ਨੂੰ ਸ਼ਾਨਦਾਰ ਬਣਾਓ
ਸਭ ਦਾ ਭਲਾ ਮੰਗੋ
ਪਿਆਰੇ ਬੱਚਿਓ ਆਪਣੀ ਪੜ੍ਹਾਈ ਵਲ ਜਰੂਰ ਧਿਆਨ ਦੇਣਾ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਜ਼ਿੰਦਗੀ ਮੁਬਾਰਕ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸਾਰਾ ਬ੍ਰਹਿਮਡ ਜੀਂਦਾ ਜਾਗਦਾ ਹੈ
ਸਾਡੇ ਅੰਦਰ ਦੀ ਹਰ ਗੱਲ ਭਾਵਨਾ ਕੁਦਰਤ ਜਾਣਦੀ ਹੈ
ਇਸ ਵਕਤ ਜਦੋਂ ਇਨਸਾਨਾਂ ਤੋਂ ਦੂਰੀ ਹੈ ਤਾਂ ਆਪਣੇ ਪ੍ਰੇਮ ਨਾਲ, ਭਾਵਨਾ ਨਾਲ ਆਪਣੀ ਰੂਹ ਨਾਲ ਸਭਨਾਂ ਇਨਸਾਨਾਂ ਨਾਲ ਤੇ ਇਸ ਧਰਤੀ ਨਾਲ ਜੁੜੋ
ਧਿਆਨ ਚ ਬੈਠੋ, ਭਲਾ ਮੰਗੋ
ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਹੋਵੇ
ਜੀਵਨ ਜ਼ਿੰਦਗੀ ਦਾ ਸ਼ੁਕਰੀਆ
ਰੱਬ ਰਾਖਾ




ਪਿਆਰੇ ਦੋਸਤੋ
ਕੁਦਰਤ ਹਮੇਸ਼ਾ ਖੁਦ ਨੂੰ ਨਿਖਾਰਨ ਲਈ ਸਮਾਂ ਦੇਂਦੀ ਹੈ
ਆਪਣੇ ਅੰਦਰ ਦੀਆਂ ਸਭ ਕਮੀਆਂ ਨੂੰ ਵੇਖਣ ਤੇ ਦੂਰ ਕਰਨ ਦਾ ਇਹ ਖੂਬਸੂਰਤ
ਸਮਾਂ ਹੈ ਇਸ ਸਮੇ ਦਾ ਉਪਯੋਗ ਕਰੋ
ਹਰ ਇਨਸਾਨ ਪਿਆਰਾ ਹੈ
ਤਲਾਸ਼ ਕਰੋ ਆਪਣੇ ਅੰਦਰ ਦੇ ਉਸ ਇਨਸਾਨ ਨੂੰ
ਖੁਦ ਨੂੰ ਪਿਆਰ ਕਰੋ
ਖੁਦ ਨੂੰ ਪਿਆਰ ਕਰਨ ਵਾਲਾ ਹੀ ਦੂਜੇ ਨੂੰ ਪਿਆਰ ਕਰ ਸਕਦਾ ਹੈ
ਜੀਵਨ ਦਾ ਸ਼ੁਕਰੀਆ ਸ਼ਾਨਦਾਰ ਜ਼ਿੰਦਗੀ ਦੀਆਂ ਦੁਵਾਵਾਂ ਸਭ ਨੂੰ
ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਹੋਵੇ
ਜੀਓ




ਪਿਆਰੇ ਦੋਸਤੋ
ਸਾਡੇ ਸੱਭ ਦੀ ਰੂਹ ਦੇ ਸਫ਼ਰ ਚ ਅਸੀਂ
ਇਸ ਗ੍ਰਹਿ ਧਰਤੀ ਤੋਂ ਹੋਕੇ ਗੁਜ਼ਰਦੇ ਹਾਂ
ਇਸ ਗ੍ਰਹਿ ਦਾ ਸਫ਼ਰ ਸਿਰਫ਼ ਖੁਦ ਨੂੰ ਜਾਨਣ ਦਾ ਹੈ
ਪਰ ਅਸੀਂ ਇਹਨੂੰ ਆਪਣੀ ਪੱਕੀ ਮਲਕੀਅਤ ਮੰਨਕੇ ਨਾ ਸਿਰਫ ਖੁਦ ਦਾ
ਬਲਕਿ ਇਸ ਗ੍ਰਹਿ ਦਾ ਵੀ ਬੜਾ ਕੁਜ ਖਰਾਬ ਕੀਤਾ
ਆਓ ਚੰਗੇ ਮਹਿਮਾਨ ਬਣੀਏ
ਆਪਣੀ ਰੂਹ ਦੇ ਵਿਕਾਸ ਵੱਲ ਧਿਆਨ ਦਿਓ
ਕਿਸੇ ਚੀਜ਼ ਲਈ ਸ਼ਕਾਇਤ ਨਾ ਕਰੋ
ਤੁਸੀਂ ਆਪਣੇ ਹਿੱਸੇ ਦਾ ਸਭ ਕੁਝ ਚੰਗਾ ਕਰੋ
ਕੁਦਰਤ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਜੀਵਨ ਜ਼ਿੰਦਗੀ ਦਾ ਸ਼ੁਕਰੀਆ
ਤੁਹਾਡੇ ਸਭ ਦੇ ਹੋਣ ਦਾ ਸ਼ੁਕਰੀਆ





ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਜੋ ਵੀ ਖੁਸ਼ੀ, ਸਕੂਨ, ਸੁਖ ਬਾਹਰੋਂ ਲੱਭਦੇ ਰਹਿੰਦੇ ਹਾਂ ਉਹ ਪਹਿਲਾਂ
ਹੀ ਸਾਡੇ ਅੰਦਰ ਮੌਜੂਦ ਹੈ
ਬਸ ਸਾਡਾ ਧਿਆਨ ਆਪਣੇ
ਅੰਦਰੋਂ ਲੱਭਣ ਵੱਲ ਜਾਣਾ ਚਾਹੀਦਾ
ਬਾਹਰ ਵਲੋਂ ਹਰ ਤਰਾਂ ਦੀ ਉਮੀਦ ਛੱਡੋ
ਤੁਸੀਂ ਆਪਣੇ ਆਪ ਚ ਹੀ ਕਮਾਲ ਹੋ
ਵਕ਼ਤ ਹੈ, ਖ਼ੁਦ ਨੂੰ ਮਿਲੋ
ਕੁਦਰਤ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਜ਼ਿੰਦਗੀ ਜੀਵਨ ਤੇ ਬ੍ਰਹਿਮੰਡ ਦੇ ਹਰ ਕਣ ਦਾ ਸ਼ੁਕਰੀਆ
ਤੁਹਾਡੇ ਹੋਣ ਦਾ ਸ਼ੁਕਰੀਆ
ਜੀਓ


जब आप एक बच्चे थे, आपसे आनंद फूटता रहता था। किसी को आपको जबरन दुखी बनाना पड़ता था। आज, किसी को आपको खुश रखना पड़ता है। मन की उलझन से उल्लासमय जीवन की ओर जाने का अब समय आ गया है।




ਪਿਆਰੀ ਧਰਤੀ ਦੇ ਪਿਆਰੇ ਦੋਸਤੋ
ਆਓ ਬਿਨਾਂ ਕਿਸੇ ਕਾਰਨ ਤੋਂ ਖੁਸ਼ ਹੋਂਣਾ ਤੇ
ਪ੍ਰੇਮ ਕਰਨਾ ਸਿਖੀਏ
ਨਹੀਂ ਤੋਂ ਜਦੋ ਕਾਰਨ ਮੁੱਕ ਗਿਆ ਤੇ ਖੁਸ਼ੀ ਵੀ ਮੁੱਕ ਜਾਉ
ਬ੍ਰਹਿਮੰਡ ਦੇ ਹਰ ਕਣ ਦਾ ਸ਼ੁਕਰੀਆ ਕਰੋ
ਕੁਦਰਤ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਜ਼ਿੰਦਗੀ ਜੀਵਨ ਦਾ ਸ਼ੁਕਰੀਆ
ਪਿਆਰਿਓ ਤੁਹਾਡੇ ਹੋਣ ਦਾ ਸ਼ੁਕਰੀਆ
ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਇਹ ਬੜਾ ਸੋਹਣਾ ਵਕ਼ਤ ਹੈ ਇਹ ਜਾਨਣ ਲਈ
ਕੇ ਜੀਵਨ ਲਈ ਸਭ ਤੋਂ ਜਰੂਰੀ ਕੀ ਹੈ
ਤੇ ਛੱਡ ਦੇਣ ਵਾਲਾ ਬੇਲੋੜਾ ਕੀ ਹੈ
ਸਭ ਤਰਾਂ ਦੇ ਫਾਲਤੂ ਤੋਂ ਮੁਕਤ ਹੁੰਦੇ ਜਾਓ
ਬ੍ਰਹਿਮੰਡ ਦੇ ਹਰ ਕਣ ਦਾ ਸ਼ੁਕਰੀਆ
ਜੀਵਨ ਜ਼ਿੰਦਗੀ ਦਾ ਸ਼ੁਕਰੀਆ
ਤੁਹਾਡੇ ਹੋਣ ਦਾ ਸ਼ੁਕਰੀਆ
ਕੁਦਰਤ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਆਓ ਗੌਰ ਕਰੀਏ ਕੇ ਇਹ ਧਰਤੀ ਕੀ ਚਾਹੁੰਦੀ ਹੈ
ਅਸੀਂ ਆਪਣੀ ਜ਼ਿੰਦਗੀ ਜੀਣ ਚ ਇਸ ਗ੍ਰਹਿ ਦੇ ਹਵਾ ਪਾਣੀ ਮਿੱਟੀ ਤੇ ਇਕ ਤਰਾਂ ਹਮਲਾ ਕਰ ਦਿੱਤਾ
ਤੇ ਏਥੋਂ ਦਾ ਜੀਵਨ ਬਹੁਤ ਖਰਾਬ ਕੀਤਾ
ਜਿੰਨਾ ਰੁੱਖ ਕੱਟਿਆ ਓਨੀ ਮਿੱਟੀ ਦੀ ਪਰਤ ਖਰਾਬ
ਤੇ ਜਿੰਨੀ ਮਿੱਟੀ ਖਰਾਬ ਓਨਾ ਹੀ ਬੀਮਾਰੀਆਂ ਜਿਆਦਾ
ਆਓ ਧਿਆਨ ਦਈਏ
ਇਸ ਗ੍ਰਹਿ ਦੀ ਜ਼ਿੰਦਗੀ ਲਈ ਹੁਣ ਜਾਗਣ ਦਾ ਵਕ਼ਤ ਹੈ
ਨਿਰੀ ਭੌਤਿਕ ਸਫਲਤਾ ਦੇ ਕੋਈ ਮਾਇਨੇ ਨਹੀਂ
ਹਵਾ ਪਾਣੀ ਮਿੱਟੀ ਤੇ ਰੁੱਖ ਸੰਭਾਲਣ ਦਾ ਵਕ਼ਤ ਹੈ
ਜੀਵਨ ਦਾ ਸ਼ੁਕਰੀਆ ਸ਼ਾਨਦਾਰ ਜ਼ਿੰਦਗੀ ਦੀਆ ਦੁਵਾਵਾਂ
ਕੁਦਰਤ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਹਰ ਔਖਾ ਵਕ਼ਤ ਇਕ ਤਰਾਂ ਨਾਲ ਵਰਦਾਨ ਹੁੰਦਾ
ਤੁਸੀਂ ਜ਼ਿੰਦਗੀ ਦਾ ਸਭ ਤੋਂ ਸੋਹਣਾ ਸਬਕ ਇਸ ਚ ਸਿੱਖ ਸਕਦੇ ਹੋ
ਬਸ ਬਿਨਾਂ ਡਰੇ ਘਬਰਾਏ ਧਿਆਨ ਦੇਵੋ
ਚੰਗਾ ਸੋਚੋ, ਕੁਦਰਤ ਨਾਲ ਇਕਮਿਕ ਹੋਵੋ
ਇਸ ਵਕਤ ਨੇ ਗੁਜ਼ਰ ਜਾਣਾ ਹੈ
ਲਾਹੇਵੰਦ ਬਣਾਓ ਇਸਨੂੰ
ਦਿਲ ਰੋਸ਼ਨ ਕਰੋ ਆਪਣੇ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਜ਼ਿੰਦਗੀ ਜੀਵਨ ਦਾ ਸ਼ੁਕਰੀਆ
ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਪ੍ਰਾਥਨਾ ਦਾ ਅਸਲ ਅਰਥ ਸ਼ੁਕਰ ਕਰਨਾ ਹੁੰਦਾ
ਪਰ ਅਸੀਂ ਅੱਜ ਤੱਕ ਇਸਨੂੰ ਸਿਰਫ
ਮੰਗਣ ਨਾਲ ਹੀ ਜੋੜ ਛੱਡਿਆ
ਜਦਕਿ ਜਦੋਂ ਤੱਕ ਮੰਗ ਹੈ ਊਦੋਂ ਤੱਕ
ਕੋਈ ਪ੍ਰਾਥਨਾ ਸਫਲ ਨਹੀਂ ਹੂੰਦੀ
ਆਓ ਸ਼ੁਕਰ ਕਰਨ ਦੀ ਜਾਚ ਸਿੱਖੀਏ
ਜਿੰਨਾ ਸ਼ੁਕਰ ਓਨੀ ਕਿਰਪਾ
ਕੁਦਰਤ ਤੂਹਾਡਾ ਤੇ ਤੂਹਾਡੇ ਪਰਿਵਾਰ ਦਾ ਭਲਾ ਕਰੇ
ਜ਼ਿੰਦਗੀ ਜੀਵਨ ਦਾ ਸ਼ੁਕਰੀਆ
ਤੂਹਾਡੇ ਹੋਣ ਦਾ ਸ਼ੁਕਰੀਆ
ਜੀਓ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸਲ ਚ ਅਸੀਂ ਖੁਦ ਹੀ ਉਹ ਖ਼ਜ਼ਾਨਾ ,
ਉਹ ਰੋਸ਼ਨੀ ਹਾਂ ਜਿਸਨੂੰ ਅਸੀਂ ਸਾਰੀ ਜ਼ਿੰਦਗੀ ਲੱਭਦੇ ਰਹਿੰਦੇ ਹਾਂ
ਸਾਨੂੰ ਚਮੜੀ ਦੇ ਪਰਦੇ ਚ ਲੁਕਾ ਕੇ ਧਰਤੀ
ਤੇ ਖੁਦ ਨੂੰ ਜਾਨਣ ਲਈ ਭੇਜਿਆ ਗਿਆ
ਆਓ ਆਪਣੇ ਅੰਦਰ ਦੇ ਚਾਨਣ ਵੱਲ ਨੂੰ ਸਫ਼ਰ ਕਰੀਏ
ਅਸੀਂ ਸਭ ਰੋਸ਼ਨੀ ਹਾਂ , ਬਸ ਆਪਣੇ ਉੱਤੋਂ ਧੂੜ ਸਾਫ ਕਰੀਏ
ਖ਼ੂਬਸੂਰਤ ਵਕ਼ਤ ਹੈ ਆਪਣੇ ਅੰਦਰ ਦੀ ਲੋਅ ਨੂੰ ਲੱਭੋ
ਕੁਦਰਤ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਪਿਆਰੇ ਮਿੱਤਰੋ ਤੁਹਾਡੇ ਹੋਣ ਦਾ ਸ਼ੁਕਰੀਆ
ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਬਿਨਾਂ ਡਰੇ ਤੋਂ ਅਰਾਮ ਨਾਲ ਟਿੱਕ ਕੇ ਬੈਠੋ
ਪੰਛੀਆਂ ਦੀਆਂ ਆਵਾਜ਼ਾਂ ਸੁਣੋ, ਹਵਾ ਨੂੰ ਮਹਿਸੂਸ ਕਰੋ
ਆਪਣੇ ਸਾਹਾਂ ਦੀ ਲੈ ਤਾਲ ਤੇ ਧਿਆਨ ਦੇਵੋ
ਤੁਸੀਂ ਖੁਦ ਨੂੰ, ਆਪਣੇ ਜੀਵਨ ਨੂੰ ਮਹਿਸੂਸ ਕਰੋਗੇ
ਸਮਾਂ ਗੁਜ਼ਰਨ ਲਈ ਬਣਿਆ
ਪਰ ਕਿੰਜ ਗੁਜ਼ਾਰਨਾ ਇਹ ਤੁਹਾਡੇ ਹੱਥ
ਆਓ ਇਸ ਸਮੇ ਨੂੰ ਆਪਣੀ ਜ਼ਿੰਦਗੀ ਦਾ ਸਭ ਤੋਂ ਖੂਬਸੂਰਤ ਸਮਾਂ ਬਣਾਈਏ
ਖੁਦ ਨੂੰ ਨਵੇਂ ਸਿਰੇ ਤੋਂ ਤਰਾਸ਼ਿਆ ਜਾਏ
ਇਸ ਵਾਰ ਜ਼ਰਾ ਹੋਰ ਬਿਹਤਰ
ਜੀਓ ਪਿਆਰਿਓ
ਸ਼ਾਨਦਾਰ ਜ਼ਿੰਦਗੀ ਦੀਆ ਦੁਵਾਵਾਂ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਵਿਕਾਸ ਸਿਰਫ ਉਸ ਇਨਸਾਨ ਦੇ ਹਿੱਸੇ ਆਉਂਦਾ ਜੋ ਦੂਜਿਆਂ ਦੀਆਂ ਕਮੀਆਂ ਨੂੰ
ਛੱਡ ਕੇ ਆਪਣੀਆਂ ਕਮੀਆਂ ਵੇਖਣ ਲੱਗ ਪੈਂਦਾ ਹੈ
ਇਕ ਦੇ ਬਦਲਣ ਨਾਲ ਵੀ ਚੰਗਾ ਵਾਪਰਨਾ ਸ਼ੁਰੂ ਹੋ ਜਾਂਦਾ ਹੈ
ਅਸਲ ਗੱਲ ਖੁਦ ਵੱਲ ਵੇਖਿਆਂ ਹੀ ਸਮਝ ਆਉਣੀ ਹੈ
ਆਓ ਖੁਦ ਨੂੰ ਵਕ਼ਤ ਦਈਏ
ਕਿਸੇ ਨੂੰ ਬਦਲਣ ਦੀ ਉਮੀਦ ਛੱਡੋ
ਹਾਂ ਇਹ ਕਮਾਲ ਇਸ ਕੁਦਰਤ ਦਾ ਕੇ ਅਗਰ ਤੁਸੀਂ ਸਕਾਰਾਤਮਕ ਬਦਲਾਅ ਵੱਲ
ਤੁਰੇ ਤਾਂ ਆਲ ਦੁਆਲੇ ਖੁਦ ਬਦਲਾਵ ਸ਼ੁਰੂ ਹੋਊ
ਪਰ ਸ਼ੁਰੂ ਤੁਹਾਡੇ ਬਦਲਣ ਤੋਂ ਹੋਊ
ਖੁਦ ਤੇ ਧਿਆਨ ਦਿਓ
ਕੁਦਰਤ ਤੁਹਾਡੇ ਨਾਲ ਹੈ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਦੁਵਾਵਾਂ ਤੇ ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਜਿੰਨਾ ਜਿਆਦਾ ਬੋਲਦੇ ਹਾਂ ਓਨਾ ਹੀ ਖੁਦ ਤੋਂ,
ਕੁਦਰਤ ਤੋਂ ਦੂਰ ਹੁੰਦੇ ਜਾਂਦੇ ਹਾਂ
ਹਰ ਇਨਸਾਨ ਅੰਦਰ ਬੁੱਧ, ਨਾਨਕ ਹੋਣ ਦਾ ਬੀਜ ਹੈ
ਅਗਰ ਚੁਪ ਹੋਣ ਦੀ ਤੇ ਲਗਾਤਾਰ ਖੋਜ
ਕਰਨ ਦੀ ਰਾਹ ਤੇ ਤੁਰਨ ਦੀ ਜਾਚ ਆ ਜਾਵੇ
ਆਓ ਸਿਖੀਏ ਇਹ ਜਾਚ
ਜੀਵਨ ਸਾਡੇ ਤੋਂ ਹਮੇਸ਼ਾ ਉਤਮ ਹੋਣ ਦੀ ਆਸ ਕਰਦਾ
ਤੇ ਹਰੇਕ ਲਈ ਬਰਾਬਰ ਦੇ ਅਵਸਰ ਵੀ ਦੇਂਦਾ
ਓਹਦੇ ਲਈ ਹਰ ਇਕ ਬਰਾਬਰ
ਪਿਆਰਿਓ ਆਓ ਚੁਪ ਹੋਣਾ ਸਿਖੀਏ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਸ਼ਾਨਦਾਰ ਜ਼ਿੰਦਗੀ ਦੀਆਂ ਦੁਵਾਵਾਂ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਗਰ ਕੁਝ ਨਵਾਂ ਸਿੱਖਣਾ ਚਾਹੁੰਦੇ ਹੋ, ਤੇ ਆਪਣੇ ਆਪ ਨੂੰ,
ਆਪਣੇ ਸਫ਼ਰ ਨੂੰ ਜਾਨਣਾ ਚਾਹੁੰਦੇ ਹੋ ਤਾਂ ਪਹਿਲਾਂ ਆਪਣੀ
ਕੱਟੜਤਾ ਚੋਂ ਬਾਹਰ ਆਓ ਖਾਲੀ ਹੋ ਜਾਓ
ਖਾਲੀ ਦਿਲ ਦਿਮਾਗ, ਜਿਸਨੂੰ ਅਹਿਸਾਸ ਕੇ ਉਸਨੂੰ ਕੁਝ ਨਹੀਂ ਪਤਾ,
ਉਸਨੂੰ ਹੀ ਜਾਨਣ ਦਾ ਰਸਤਾ ਮਿਲ ਸਕਦਾ
ਆਪਣੀ ਸਮਝ ਨੂੰ ਰੁਕਾਵਟ ਨਾ ਬਣਾਉਣਾ
ਜਿਥੋਂ ਜੋ ਵੀ ਜ਼ਿੰਦਗੀ ਲਈ ਜੀਵਨ ਲਈ ਚੰਗਾ ਮਿਲ ਰਿਹਾ,
ਜੋ ਹਨੇਰੇ ਨੂੰ ਦੂਰ ਕਰ ਰਿਹਾ ਉਸਨੂੰ ਲਓ
ਆਪਣੀਆਂ ਸੀਮਾਵਾਂ ਦੀ ਬੰਦਿਸ਼ ਤੋਂ ਆਜ਼ਾਦ ਹੋਵੋ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਪਿਆਰਿਓ ਬਹੁਤ ਪ੍ਰੇਮ ਤੇ ਦੁਵਾਵਾਂ
ਜੀਓ
ਰੱਬ ਰਾਖਾ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸਾਡੀਆਂ ਸਭ ਇੱਛਾਵਾਂ ਚਾਹੇ ਉਹ ਭੌਤਿਕ ਨੇ ਸਮਾਜਿਕ ਜਾਂ ਭਾਵਨਾਤਮਿਕ ਨੇ, ਉਹ ਸਿਰਫ਼
ਉਦੋਂ ਤੱਕ ਅਹਿਮੀਅਤ ਰਖਾਉਂਦੀਆਂ ਜਦ ਤੱਕ ਖੁਦ ਨੂੰ ਜਾਨਣ ਦੀ ਇੱਛਾ ਪੈਦਾ ਨਹੀਂ ਹੁੰਦੀ
ਜਿਸ ਦਿਨ ਵੀ ਖੁਦ ਨੂੰ ਜਾਨਣ ਦੀ ਇੱਛਾ ਪੈਦਾ ਹੋਈ ਉਸ ਦਿਨ ਤੋਂ ਇਹ ਸਭ ਇੱਛਾਵਾਂ ਬਹੁਤ
ਤੁੱਛ ਲੱਗਣੀਆਂ ਸ਼ੁਰੂ ਹੋ ਜਾਣੀਆਂ
ਤੇ ਇਕ ਦਿਨ ਇਹ ਮੁੱਕ ਵੀ ਜਾਣੀਆਂ
ਰੱਬ ਕਰੇ ਹਰ ਇਕ ਅੰਦਰ ਖੁਦ ਨੂੰ ਜਾਨਣ ਦੀ ਪਿਆਸ ਜਗੇ
ਹਰ ਇਕ ਦੇ ਹਿੱਸੇ ਰੂਹ ਦਾ ਬਾਕਮਾਲ ਹੋਣਾ ਆਏ
ਜੀਣ ਦਾ ਮਜ਼ਾ ਆਏ
ਜੀਓ.. ਖੁਦ ਨੂੰ ਜਾਨਣ ਦੀ ਪਿਆਸ ਦੇ ਨਾਲ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਸ਼ੁਕਰੀਆ ਤੁਹਾਡੇ ਸਭ ਦੇ ਹੋਣ ਦਾ
ਪ੍ਰੇਮ ਤੇ ਦੁਆਵਾਂ ਪਿਆਰਿਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਇਸ ਬ੍ਰਹਿਮੰਡ ਦਾ ਹਰ ਕਣ ਜੀਂਦਾ ਜਾਗਦਾ ਹੈ
ਇਹ ਰੁੱਖ ਮਿੱਟੀ ਪਾਣੀ ਹਵਾ ਸਭ ਕੁਜ ਸਾਨੂੰ ਇਨਸਾਨਾਂ ਨੂੰ ਤੇ ਹੋਰ ਸਾਰੇ ਜੀਵਾਂ ਨੂੰ
ਸੁਣਦਾ ਤੇ ਮਹਿਸੂਸ ਕਰਦਾ ਹੈ
ਅਸੀਂ ਜੋ ਵੀ ਸੋਚਦੇ ਹਾਂ ਖੁਦ ਬਾਰੇ ਜਾ ਦੂਜਿਆਂ ਬਾਰੇ
ਉਹ ਸਭ ਕੁਝ ਸਾਡੇ ਕੋਲ ਹੀ ਵਾਪਿਸ ਆਉਂਦਾ ਹੈ
ਏਥੋਂ ਤੱਕ ਕੇ ਬੁੱਧ ਨੇ ਕਿਹਾ ਤੁਸੀਂ ਅੱਜ ਜੋ ਵੀ ਹੋ ਆਪਣੇ ਵਿਚਾਰਾਂ ਕਰਕੇ ਹੋ
ਆਓ ਇਸ ਬ੍ਰਹਿਮੰਡ ਚ ਉਹ ਸੋਚਾਂ ਭਾਵਨਾਵਾਂ ਭੇਜੀਏ
ਜੋ ਅਸੀਂ ਚਾਹੁੰਦੇ ਹਾਂ ਸਾਡੇ ਨਾਲ ਹੋਵੇ
ਚੰਗਾ ਕਰੋ, ਚੰਗਾ ਸੋਚੋ , ਚੰਗਾ ਬੋਲੋ
ਤੁਹਾਡੇ ਤੱਕ ਸਭ ਚੰਗਾ ਆਏਗਾ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਪਿਆਰਿਓ ਸ਼ੁਕਰੀਆ ਤੁਹਾਡੇ ਹੋਣ ਦਾ
ਜੀਓ ... ਸ਼ਾਨਦਾਰ ਜ਼ਿੰਦਗੀ ਦੀਆਂ ਦੁਵਾਵਾਂ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਗੰਭੀਰਤਾ ਇਕ ਬਿਮਾਰੀ ਹੈ
ਆਪਣੀ ਜ਼ਿੰਦਗੀ ਨੂੰ ਲੈਕੇ ਕਦੀ ਗੰਭੀਰ ਨਾ ਹੋਵੋ
ਸਾਨੂੰ ਗੁਰੂਆਂ ਪੀਰ ਫ਼ਕੀਰਾਂ ਹਮੇਸ਼ਾ ਕਿਹਾ ਕਿ ਜੀਵਨ ਇਕ ਨਾਟਕ ਹੈ
ਤੁਸੀਂ ਸਿਰਫ ਆਪਣਾ ਕਿਰਦਾਰ ਖੂਬਸੂਰਤੀ ਨਾਲ ਨਿਭਾਓ
ਇਕ ਚੰਗਾ, ਇਮਾਨਦਾਰ ਤੇ ਸ਼ਾਨਦਾਰ ਇਨਸਾਨ ਹਰ ਭੂਮਿਕਾ ਨੂੰ
ਪੂਰੇ ਮਨ ਨਾਲ ਨਿਭਾਏਗਾ, ਹਰ ਵਕਤ ਸ਼ਕਾਇਤ ਕਰਦਿਆਂ ਨਾ ਜੀਓ
ਨਾ ਹੀ ਰੋਣ ਧੋਣ ਚ ਉਮਰ ਗਵਾਓ
ਅੱਖਾਂ ਬੰਦ ਕਰੋ ਲੰਬਾ ਜੇਹਾ ਸਾਹ ਲਓ ਤੇ ਖੁਦ ਲਈ ਮੁਸਕੁਰਾਓ
ਆਪਣੀ ਇਜ਼ੱਤ ਕਰੋ
ਇਸ ਤਰਾਂ ਤੁਸੀਂ ਜੀਵਨ ਦੀ ਤੇ ਪਰਮਾਤਮਾ ਦੀ ਇਜ਼ੱਤ ਕਰੋਗੇ
ਦੁਖੀ ਹੋਣਾ ਤੇ ਗੰਭੀਰਤਾ ਛੱਡੋ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਜੀਓ ਪਿਆਰਿਓ
ਪ੍ਰੇਮ ਤੇ ਦੁਵਾਵਾ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਹਰ ਮੁਸ਼ਕਿਲ ਵਕ਼ਤ ਅਸਲ ਚ ਹੋਰ ਰੋਸ਼ਨ ਹੋਣ ਦਾ ਵਕ਼ਤ ਹੈ
ਜਿੰਨਾ ਹਨੇਰਾ ਓਨੀ ਹੀ ਰੋਸ਼ਨੀ ਹੋਣ ਦਾ ਸੰਕੇਤ
ਬਹੁਤ ਖੂਬਸੂਰਤ ਸਮਾਂ
ਆਪਣੇ ਅੰਦਰ ਦਾ ਸਾਰਾ ਹਨੇਰਾ ਵੇਖ ਲਓ
ਜਿਨ੍ਹਾਂ ਵੇਖ ਲਿਆ ਓਨਾ ਹੀ ਅੰਦਰ ਲੋਅ ਨਾਲ ਭਰਦਾ ਜਾਉ
ਅਜਾਈਂ ਨਾ ਗਵਾ ਦੇਣਾ ਇਹ ਸਮਾਂ ਸਬਰ ਨਾਲ ਇੰਤਜ਼ਾਰ ਕਰੋ
ਇਹ ਬਾਹਰ ਦਾ ਮੁਸ਼ਕਿਲ ਵਕ਼ਤ ਵੀ ਲੰਘ ਜਾਊ
ਬਸ ਤੁਸੀਂ ਆਪਣੇ ਅੰਦਰ ਦੀਆਂ ਮੁਸ਼ਕਿਲਾਂ ਮੁਕਾਉਣ ਵਲ ਧਿਆਨ ਦਿਓ
ਆਸਾਨ ਹੋ ਜਾਓ ਤੁਹਾਨੂੰ ਚਾਨਣ ਦੀਆਂ, ਰੋਸ਼ਨੀ ਦੀਆਂ ਦੁਵਾਵਾਂ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਜੀਓ ਪਿਆਰਿਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਹਰ ਇਕ ਮੁਸ਼ਕਿਲ ਪ੍ਰੇਸ਼ਾਨੀ ਸਾਨੂੰ ਸਾਡੀ ਸਮਰੱਥਾ ਨਾਲ ਮਿਲਾਉਂਦੀ ਹੈ
ਸਮਰੱਥਾ ਜੋ ਸਾਨੂੰ ਹੋਰ ਨਿਖਾਰਦੀ ਹੈ
ਅਗਰ ਅਸੀਂ ਔਖੇ ਵਕ਼ਤ ਨੂੰ ਕੋਸਣਾ ਸ਼ੁਰੂ ਕਰ ਦਿੱਤਾ ਤੇ
ਪ੍ਰੇਸ਼ਾਨੀਆਂ ਤੋਂ ਚਿੜ ਗਏ ਤਾਂ ਅਸੀਂ ਕਦੀ ਵੀ ਉਹ
ਖੂਬਸੂਰਤ ਸਬਕ ਨਹੀਂ ਸਿੱਖ ਸਕਣਾ ਜਿਸ ਨਾਲ
ਸਾਡੀ ਜ਼ਿੰਦਗੀ ਦਾ ਸਫ਼ਰ ਸੋਹਣਾ ਹੋ ਸਕਦਾ
ਕਿਸੇ ਪ੍ਰੇਸ਼ਾਨੀ ਤੋਂ ਤੰਗ ਨਾ ਆਉਣਾ nਇਹ ਇਕ ਮੌਕਾ ਹੈ
ਜਿਸ ਚ ਖੁਦ ਨੂੰ ਏਨਾ ਨਿਖ਼ਾਰ ਲਓ
ਕੇ ਜੀਵਨ ਸਜ਼ਾ ਨਹੀਂ ਵਰਦਾਨ ਲੱਗੇ
ਰੱਬ ਤੁਹਾਡੇ ਨਾਲ ਹੈ
ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਹੋਵੇ
ਪ੍ਰੇਮ ਤੇ ਦੁਵਾਵਾਂ
ਜੀਓ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਇਕ ਲੰਮੇ ਸਮੇਂ ਤੋਂ ਧਰਤੀ ਨੇ ਬੜਾ ਸ਼ੋਰ ਹੰਢਾਇਆ
ਗੱਡੀਆਂ -ਮੋਟਰਾਂ ਤੇ ਅਣਗਿਣਤ ਇਨਸਾਨਾਂ ਦਾ ਰੌਲਾ
ਇਸ ਰੌਲੇ ਨੇ ਸਾਨੂੰ ਯਾਦ ਭੁਲਾ ਦਿੱਤਾ ਕਿ ਹਰ ਇਨਸਾਨ
ਅੰਦਰ ਇਕ ਬੜੀ ਖੂਬਸੂਰਤ ਚੁਪ ਹੁੰਦੀ ਹੈ
ਉਹ ਚੁੱਪ ਉਦਾਸੀ ਜਾ ਨਿਰਾਸ਼ਾ ਨਹੀਂ
ਬਲਕਿ ਉਹ ਚੁੱਪ ਸਾਡਾ ਅਸਲ ਪਤਾ , ਉਹ ਚੁੱਪ ਪਰਮਾਤਮਾ ਦਾ ਪਤਾ
ਕੁਦਰਤ ਦੀ ਮਰਜ਼ੀ ਕੇ ਓਹ ਸ਼ੋਰ ਕੁਜ ਥੰਮ ਗਿਆ
ਆਓ ਅਸੀਂ ਵੀ ਆਪਨੇ ਅੰਦਰ ਦੀ ਚੁੱਪ ਲੱਭੀਏ
ਆਪਣਾ ਪਤਾ ਲੱਭੀਏ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਪ੍ਰੇਮ ਤੇ ਦੁਵਾਵਾਂ
ਜੀਓ ਪਿਆਰਿਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਅਕਸਰ ਮੋਹ ਤੇ ਪ੍ਰੇਮ ਨੂੰ ਇੱਕੋ ਸਮਝ ਕੇ
ਪ੍ਰੇਮ ਦੇ ਅਸਲ ਅਰਥਾਂ ਤੋਂ ਦੂਰ ਰਹਿ ਜਾਂਦੇ ਹਾਂ
ਮੋਹ ਦੂਸਰੇ ਨੂੰ ਆਪਣੇ ਅਧੀਨ ਕਰਨਾ ਤੇ
ਆਪਣੇ ਤਰੀਕੇ ਨਾਲ ਚੱਲਣ ਲਈ ਕਹਿਣਾ
ਪ੍ਰੇਮ ਆਜ਼ਾਦ ਕਰ ਦੇਣਾ
ਪ੍ਰੇਮ ਕਬਜ਼ਾ ਕਰਨਾ ਨਹੀਂ
ਜਿੰਨਾ ਦੂਜੇ ਨੂੰ ਅਜ਼ਾਦ ਕੀਤਾ ਓਨਾ ਖੁਦ ਆਜ਼ਾਦ ਹੋਏ
ਆਓ ਸਹੀ ਅਰਥਾਂ ਵਲ ਸਫ਼ਰ ਸ਼ੁਰੂ ਕਰੀਏ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਸ਼ੁਕਰੀਆ ਤੁਹਾਡੇ ਹੋਣ ਦਾ
ਪ੍ਰੇਮ ਤੇ ਦੁਵਾਵਾਂ
ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਦੋਸਤ ਦਾ ਮਤਲਬ ਦੋ +ਸਤ ਭਾਵ ਦੋ ਸੱਚ
ਦੋਸਤ ਉਹ ਜੋ ਤੁਹਾਡਾ ਸ਼ੀਸ਼ਾ ਹੋਵੇ
ਜੋ ਤੁਹਾਡੇ ਅੰਦਰ ਦੀਆਂ ਸਭ ਕਮੀਆਂ ਦੇ ਬਾਰੇ ਖੁਲ ਕੇ ਤੁਹਾਨੂੰ ਕਹੇ
ਜਿਸ ਦੇ ਸਾਥ ਚ ਤੁਸੀਂ ਸ਼ਾਨਦਾਰ ਇਨਸਾਨ ਬਨਣ ਵਲ ਸਫ਼ਰ ਕਰੋ
ਦੋਸਤੀ ਦਾ ਮਤਲਬ ਝੂਠ ਜਾਂ ਗ਼ਲਤੀਆਂ ਚ ਸਾਥ ਦੇਂਣਾ ਨਹੀਂ
ਆਓ ਪਿਆਰਿਓ ਸੱਚਮੁੱਚ ਦੋਸਤ ਹੋਣਾ ਸਿਖੀਏ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਸ਼ੁਕਰੀਆ ਬ੍ਰਹਿਮੰਡ ਦੇ ਹਰ ਕਣ ਦਾ
ਪ੍ਰੇਮ ਤੇ ਦੁਵਾਵਾਂ
ਜੀਓ





ਇਹ ਕੁਦਰਤ ਦਾ ਅਸੂਲ ਕੇ ਜੋ ਜਿਵੇ ਦਾ ਹੈ
ਉਸ ਕੋਲ ਉਹੋ ਕੁਜ ਆਵੇਗਾ
ਸੱਚ ਨੂੰ ਸੱਚ ਮਿਲੂਈਮਾਨ ਨੂੰ ਈਮਾਨ
ਪ੍ਰੇਮ ਨੂੰ ਪ੍ਰੇਮ
ਅਗਰ ਅਸੀਂ ਚਾਹੁੰਦੇ ਹਾਂ ਕਿ ਕੁਦਰਤ
ਸਾਨੂੰ ਉਹ ਦੇਵੇ ਜੋ ਕੁਦਰਤੀ ਰੂਪ ਚ ਹੈ ,
ਜੋ ਅਸਲੀਅਤ ਹੈ, ਤਾਂ ਸਾਨੂੰ ਖੁਦ ਪਹਿਲਾਂ ਅਸਲੀਅਤ ਵੱਲ ,
ਸੱਚ ਵਲ ਤੁਰਨਾ ਪਾਉ
ਆਓ ਪਿਆਰੇ ਦੋਸਤੋ ਹਰ ਤਰਾਂ ਦੀ ਨਕਲ ਚੋ ਬਾਹਰ ਆਈਏ
ਅਸਲੀ ਬਣੀਏ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਖੂਬਸੂਰਤ ਜ਼ਿੰਦਗੀ ਦੀਆਂ ਦੁਵਾਵਾਂ
ਪ੍ਰੇਮ
ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਮੁਸਾਫ਼ਿਰ ਦੋਸਤੋ
ਵਕ਼ਤ ਨੇ ਸਾਨੂੰ ਦੱਸ ਦਿੱਤਾ ਕਿ ਸਾਦਗੀ ਕੀ ਹੈ
ਜਰੂਰਤ ਜੋਗਾ ਸਮਾਨ ਨਾਲ ਵੀ ਇਕ ਸ਼ਾਨਦਾਰ ਜ਼ਿੰਦਗੀ ਜੀਅ ਸਕਦੇ ਹਾਂ ਅਸੀਂ
ਆਓ ਕਦਰ ਕਰੀਏ ਜ਼ਿੰਦਗੀ ਦੇ ਸਾਦਾ ਹੋਣ ਦੀ
ਦੂਰ ਹੋਈਏ ਹਰ ਤਰਾਂ ਦੇ ਵਖਾਵੇ ਤੋਂ,
ਦੋਸਤੋ ਅੱਜ Earth Day ਹੈ
ਇਹ ਗ੍ਰਹਿ ਜੋ ਸਾਡਾ ਸਭ ਦਾ ਘਰ ਹੈ,
ਅੱਜ ਉਸਦੀ ਹੋਂਦ ਨੂੰ ਮਨਾਉਣ ਦਾ ਦਿਨ ਹੈ
ਉਮੀਦ ਹੈ ਕੁਝ ਵਕ਼ਤ ਕੱਢਕੇ ਇਸਦੇ ਹਵਾ,ਪਾਣੀ ,ਮਿੱਟੀ, ਫਲ, ਫੁੱਲ ਤੇ ਹਰ ਜੀਵ ,ਜਾਨਵਰ,
ਪੰਛੀ ਤੇ ਇਨਸਾਨਾਂ ਦਾ ਸ਼ੁਕਰੀਆ ਅਦਾ ਕਰੋਗੇ
ਧਰਤੀ ਮਾਂ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਪ੍ਰੇਮ, ਦੁਵਾਵਾਂ, ਸ਼ੁਕਰੀਆ
ਜੀਓ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਕਦੀ ਕਿਸੇ ਨੂੰ ਕੁਝ ਨਹੀਂ ਸਿਖਾ ਸਕਦੇ
ਸਿਖਾਇਆ ਵੀ ਨਹੀਂ ਜਾ ਸਕਦਾ
ਇਹ ਸਿਰਫ ਹਰ ਇਨਸਾਨ ਅੰਦਰੋਂ ਆਪਣੇ
ਆਪ ਵਾਪਰਨ ਵਾਲਾ ਬਦਲਾਵ ਹੈ
ਹਾਂ ਸੋਚਣ ਲਈ ਜਰੂਰ ਕਿਹਾ ਜਾ ਸਕਦਾ
ਆਪਣੇ ਅੰਦਰ ਖੁਦ ਨੂੰ, ਜੀਵਨ ਨੂੰ ਜਾਨਣ ਵਾਲੇ
ਸਵਾਲ ਨੂੰ ਜਰੂਰ ਪੈਦਾ ਕੀਤਾ ਜਾ ਸਕਦਾ
ਰੱਬ ਕਰੇ ਹਰ ਇਨਸਾਨ ਆਪਣੀ ਖੋਜ ਲਈ ਤੁਰੇ
ਖੋਜਣ ਵਾਲੇ ਨੂੰ ਮਿਲਦਾ ਵੀ ਜਰੂਰ..ਇਹ ਕਿਰਪਾ ਉਸਦੀ
ਹਰ ਬਸ਼ਰ ਤੇ ਇਹ ਕਿਰਪਾ ਬਰਸੇ
ਕੁਦਰਤ ਭਲਾ ਕਰੇ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ
ਸ਼ਾਨਦਾਰ ਜ਼ਿੰਦਗੀ ਦੀਆਂ ਦੁਵਾਵਾਂ
ਪਿਆਰਿਓ ਪ੍ਰੇਮ
ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਬ੍ਰਹਿਮੰਡ ਦੇ ਹਰ ਕਣ ਚ ਹਰਕਤ ਹੈ
ਸੂਰਜ,ਚੰਨ, ਤਾਰੇ, ਹਰ ਗ੍ਰਹਿ ਤੇ ਏਥੋਂ ਤੱਕ ਕੇ
ਬ੍ਰਹਿਮੰਡ ਚ ਘੁੰਮ ਰਹੀ ਗਰਦ ਚ ਵੀ ਹਿਲਜੁਲ ਹੈ
ਪਿਆਰੇ ਦੋਸਤੋ ਅਸੀਂ ਸਭ ਓਸੇ ਤੋਂ ਬਣੇ ਜਿਸਤੋ ਇਹ ਪੂਰਾ ਬ੍ਰਹਿਮੰਡ
ਤੁਹਾਡੀ ਹਰ ਕਿਰਿਆ ਦਾ ਸੰਬੰਧ ਪੂਰੀ ਕੁਦਰਤ ਨਾਲ
ਸੋ ਕੁਝ ਦੇਰ ਲਈ ਚੰਗਾ ਸੰਗੀਤ ਸੁਣੋ, ਨੱਚੋ, ਕੋਈ ਸਰੀਰਕ ਕਸਰਤ ਕਰੋ
ਸੋਚ ਚ ਖੁਸ਼ਹਾਲੀ ਤੇ ਸਕੂਨ ਆਵੇਗਾ
ਪਿਆਰਿਓ ਸ਼ੁਕਰੀਆ ਤੁਹਾਡੇ ਹੋਣ ਦਾ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਪ੍ਰੇਮ ਤੇ ਦੁਵਾਵਾਂ
ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਜੋ ਵੀ ਭੋਜਨ ਖਾਂਦੇ ਹਾਂ ਉਹੋ ਅੰਦਰ ਜਾਕੇ
ਸਾਡੇ ਵਿਚਾਰ ਵੀ ਬਣਦਾ ਹੈ
ਜੇਹੋ ਜੇਹਾ ਭੋਜਨ ਉਹੋ ਜਿਹੇ ਵਿਚਾਰ
ਭੋਜਨ ਜੀਵਨ ਊਰਜਾ ਦੀ ਜ਼ਰੂਰਤ
ਵਜੋਂ ਹੋਣਾ ਚਾਹੀਦਾ ਨਾ ਕੇ ਬਹੁਤ ਜਿਆਦਾ ਸਵਾਦਾਂ ਦੀ ਗੁਲਾਮੀ ਵਜੋਂ
ਜਿੰਨਾ ਸਾਦਾ ਤੇ ਲੋੜ ਜੋਗਾ ਭੋਜਨ ਉਨੀ ਹੀ ਮਜਬੂਤ ਸਿਹਤ
ਪਿਆਰੇ ਦੋਸਤੋ ਸ਼ੁਕਰੀਆ ਅਦਾ ਕਰਦਿਆਂ ਭੋਜਨ ਛਕੋ
ਤੰਦਰੁਸਤੀ ਦੀਆਂ ਦੁਵਾਵਾਂ ਸਭ ਨੂੰ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਪ੍ਰੇਮ
ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸੂਰਜ ਰੋਸ਼ਨੀ ਦੇਕੇ ਵਾਪਸੀ ਚ ਕੁਝ ਲੈਣ ਦੀ ਉਮੀਦ ਨਹੀਂ ਕਰਦਾ
ਇਹ ਧਰਤੀ ਹਵਾ, ਪਾਣੀ, ਅੰਨ ਦੇਕੇ ਸਾਥੋਂ ਕੁਝ ਨਹੀਂ ਮੰਗਦੀ
ਕੁਦਰਤ ਬਿਨਾਂ ਭੇਦ ਭਾਵ ਦੇ ਵੰਡ ਰਹੀ
ਆਓ ਕੁਦਰਤ ਦੇ ਇਸ ਗੁਣ ਨੂੰ ਆਪਣਾ ਚਰਿੱਤਰ ਬਣਾਈਏ
ਕਿਸੇ ਵੀ ਸੁਆਰਥ, ਮਤਲਬ ਤੇ ਫ਼ਾਇਦੇ ਤੋਂ
ਬਿਨਾਂ ਚੰਗੇ ਬਣੀਏ ਮਦਦ ਕਰੀਏ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਖੁਸ਼ਹਾਲੀ ਦੀਆਂ ਦੁਵਾਵਾਂ ਸਭ ਨੂੰ
ਪ੍ਰੇਮ ਜੀਓ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਕੋਈ ਵੀ ਚੀਜ਼ ਜਾ ਭਾਵਨਾ ਵੰਡਣ ਲਈ ਪਹਿਲਾਂ
ਉਹ ਆਪਣੇ ਕੋਲ ਹੋਣੀ ਚਾਹੀਦੀ ਹੈ
ਅਗਰ ਅਸੀਂ ਚਾਹੁੰਦੇ ਹਾਂ ਕਿ ਪੂਰੀ ਦੁਨੀਆਂ ਚ ਤੇ
ਸਬ ਲੋਕਾਂ ਚ ਪ੍ਰੇਮ ਤੇ ਸ਼ਾਂਤੀ ਹੋਵੇ ਤਾਂ ਪਹਿਲਾਂ
ਸਾਨੂੰ ਆਪਣੇ ਆਪਣੇ ਦਿਲਾਂ ਚ ਪ੍ਰੇਮ ਤੇ ਸ਼ਾਂਤੀ
ਪੈਦਾ ਕਰਨੀ ਹੋਵੇਗੀ
ਖੁਦ ਕੋਲ ਨਹੀਂ ਹੋਊ ਤਾਂ ਵੰਡ ਨਹੀਂ ਸਕਾਂਗੇ
ਆਓ ਪਿਆਰਿਓ ਆਪਣੇ ਦਿਲਾਂ ਚ ਪ੍ਰੇਮ ਤੇ ਸ਼ਾਂਤੀ ਜਗਾਈਏ
ਫਿਰ ਖੁਦ ਬ ਖੁਦ ਵੰਡਿਆ ਵੀ ਜਾਊ
ਸਕੂਨ ਭਰੇ ਜੀਵਨ ਦੀਆਂ ਦੁਵਾਵਾਂ ਸਭ ਨੂੰ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਪ੍ਰੇਮ ਜੀਓ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਇਕੱਲਤਾ ਕੋਈ ਨਿਰਾਸ਼ਾ ਦੀ ਗੱਲ ਨਹੀਂ ਹੈ ਸਗੋਂ
ਆਸਰੇ ਕਦੀ ਸੱਚ ਤੱਕ ਨਹੀਂ ਪਹੁੰਚਣ ਦੇਣਗੇ
ਸਾਡਾ ਹਰ ਇਕ ਦਾ ਸਫ਼ਰ ਇਸ ਧਰਤੀ ਤੇ ਇਕੱਲੇ -ਇੱਕਲੇ ਦਾ ਹੈ
ਤੇ ਇਸ ਇਕੱਲਤਾ ਚੋ ਹੀ ਪਤਾ ਲਗਦਾ ਕਿ
ਅਸੀਂ ਹਰ ਇਕ ਪੂਰਾ ਬ੍ਰਹਿਮੰਡ ਹਾਂ
ਆਪਣੇ ਲਈ ਘੱਟ ਤੋਂ ਘੱਟ ਇੱਕ ਘੰਟੇ ਦਾ ਵਕ਼ਤ ਇਕੱਲਤਾ ਵਾਲਾ ਕੱਢੋ
ਖੁਦ ਕੋਲ ਬੈਠੋ, ਮਿਲੋ ਖੁਦ ਨੂੰ, ਜਾਣੋ ਖੁਦ ਨੂੰ ਤੇ
ਇਸ ਸੱਚ ਨੂੰ ਵੀ ਕੇ ਇਹ ਸਫ਼ਰ ਸਿਰਫ ਤੁਹਾਡਾ ਹੈ
ਜੋ ਅਥਾਹ ਆਨੰਦ ਨਾਲ ਮਿਲਾਵੇਗਾ ਤੁਹਾਨੂੰ
ਮੁਬਾਰਕਾਂ ਤੁਹਾਨੂੰ ਸਭ ਨੂੰ ਤੁਹਾਡੇ ਹੋਣ ਦੀਆਂ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਪ੍ਰੇਮ, ਦੁਵਾਵਾਂ
ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸਭ ਪਰਮਾਤਮਾ ਹੈ
ਜੀਵਨ ਹੈ
ਹਰ ਜੀਵ, ਪਸ਼ੂ, ਪੰਛੀ, ਦਿਸਦਾ ਸਭ ਸਮਾਨ,
ਸਾਰਾ ਬ੍ਰਹਿਮੰਡ, ਸਭ ਕੁਝ ਪਰਮਾਤਮਾ
ਬਲਕਿ ਅਸੀਂ ਪਰਮਾਤਮਾ ਦੇ ਵਿਚ ਹਾਂ
ਉਸਦੀ ਹੋਂਦ ਸਿਰਫ ਅਸਮਾਨ ਵੱਲ ਵੇਖਿਆ ਨਹੀਂ
ਸਗੋਂ ਹਰ ਦਿਸ਼ਾ ਉਸਦੀ ਹੈ
ਭਲਾ ਕਰੇ ਉਹ ਸਭ ਦਾ
ਤੰਦਰੁਸਤੀ ਤੇ ਖੁਸ਼ਹਾਲੀ ਦੀਆਂ ਦੁਵਾਵਾਂ ਤੁਹਾਡੇ ਤੇ ਪਰਿਵਾਰ ਲਈ
ਪ੍ਰੇਮ ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਹਰ ਦਰਦ, ਦੁਖ, ਮੁਸ਼ਕਿਲ ਸਮਾਂ ਆਪਣੇ
ਅੰਦਰ ਕੋਈ ਸਬਕ ਸਮਾਈ ਬੈਠਾ ਹੁੰਦਾ
ਉਹ ਸਬਕ ਹਮੇਸ਼ਾ ਖੂਬਸੂਰਤ,
ਸਾਡੇ ਲਈ ਲਾਹੇਵੰਦ ਤੇ ਭਲੇ ਦਾ ਹੀ ਹੁੰਦਾ ਹੈ
ਆਓ ਸਬਰ ਨਾਲ ਇਸ ਸਮੇ ਦਾ ਸਾਹਮਣਾ ਕਰੀਏ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਦੁਵਾਵਾਂ ਤੁਹਾਡੇ ਹੋਠਾਂ ਦੀ ਮੁਸਕੁਰਾਹਟ ਲਈ
ਪ੍ਰੇਮ ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਪ੍ਰੇਮ ਆਤਮਾ ਦੀ ਰੋਸ਼ਨੀ ਹੈ
ਇਹ ਉਹ ਚਾਨਣ ਹੈ ਜੋ ਤੁਹਾਨੂੰ ਤੁਹਾਡੀ ਆਪਣੀ ਖੋਜ ਦੇ
ਸਿਖਰ ਤੱਕ ਲੈਕੇ ਜਾਊ ਪਰ ਅਸਲ ਪ੍ਰੇਮ ਜੋ ਕਿਸੇ ਇਕ ਜਾਂ
ਕੁਝ ਨਜ਼ਦੀਕੀ ਲੋਕਾਂ ਤੱਕ ਹੀ ਸੀਮਿਤ ਨਹੀਂ
ਸਗੋਂ ਪ੍ਰੇਮ ਮਤਲਬ ਤੁਹਾਡੇ ਹੋਣ ਦਾ ਤਰੀਕਾ,
ਤੁਹਾਡਾ ਇਸ ਬ੍ਰਹਿਮੰਡ ਦੀ ਹਰ ਚੀਜ਼, ਇਨਸਾਨ, ਹਵਾ, ਪਾਣੀ, ਮਿੱਟੀ
ਨਾਲ ਰਹਿਣ ਦਾ ਤਰੀਕਾ
ਜਦੋ ਇਸ ਸਭ ਕੁਝ ਨਾਲ ਸਹੀ ਤਰਾਂ ਰਹਿਣ ਦੀ
ਜਾਚ ਆ ਗਈ ਤਾਂ ਮਤਲਬ ਪ੍ਰੇਮ ਨੇ ਛੂਹ ਲਿਆ ਤੁਹਾਨੂੰ
ਆਓ ਪਿਆਰਿਓ ਆਤਮਾ ਦੀ ਇਸ ਰੋਸ਼ਨੀ ਨੂੰ ਸਾਨੂੰ ਰੋਸ਼ਨ ਕਰਨ ਦਾ ਮੌਕਾ ਦਈਏ
ਕੁਝ ਪਲਾਂ ਲਈ ਧਿਆਨ ਚ ਜਰੂਰ ਬੈਠੋ
ਦੁਵਾਵਾਂ ਤੁਹਾਡੇ ਸਭ ਅੰਦਰ ਮੌਜ ਤੇ ਸਕੂਨ ਵਧਣ ਦੀਆਂ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਸ਼ੁਕਰੀਆ
ਪ੍ਰੇਮ ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਧਿਆਨ ਦੇਵੋ ਕੇ ਤੁਸੀਂ ਦਿਮਾਗ ਨੂੰ ਚਲਾ ਰਹੇ ਹੋ ਜਾਂ
ਦਿਮਾਗ ਤੁਹਾਨੂੰ ਚਲਾ ਰਿਹਾ ਹੈ
ਅਗਰ ਦਿਮਾਗ ਚਲਾ ਰਿਹਾ ਹੈ ਤਾਂ ਤੁਸੀਂ ਨਾਕਾਰਾਤਮਕ ਗੱਲਾਂ,
ਦੁਖੀ ਗੱਲਾਂ, ਤੇ ਡਰ ਚ ਰਹੋਗੇ
ਬਹੁਤ ਖੂਬਸੂਰਤ ਵਕ਼ਤ ਹੈ
ਆਪਣੇ ਦਿਮਾਗ ਦਾ ਸੰਤੁਲਨ ਆਪਣੇ ਹੱਥ ਲਵੋ
ਧਿਆਨ ਇਸਦਾ ਕਮਾਲ ਦਾ ਤਰੀਕਾ ਹੈ
ਦਿਮਾਗ ਦੇ ਗੁਲਾਮ ਨਾ ਹੋਵੋ
ਦੁਵਾਵਾਂ ਰੂਹ ਦੀ ਆਜ਼ਾਦੀ ਦੀਆਂ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਸ਼ੁਕਰੀਆ ਹੋਣ ਲਈ
ਪ੍ਰੇਮ
ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਜੋ ਵੀ ਕੁਝ ਸੁਣਦੇ ਹਾਂ ਉਹ ਸਭ ਸਾਡੇ ਅੰਦਰ ਜਮ੍ਹਾਂ ਹੁੰਦਾ ਰਹਿੰਦਾ ਹੈ
ਉਹੋ ਸਾਡੀ ਸਾਰੀ ਯਾਦਾਸ਼ਤ ਤੇ ਸੂਚਨਾਵਾਂ ਬਣ ਜਾਂਦਾ ਹੈ
ਅਸੀਂ ਜਿੰਨੀਆਂ ਨਾਕਾਰਾਤਮਕ ਗੱਲਾਂ,
ਬਿਮਾਰੀਆਂ ਦੀਆਂ ਗੱਲਾਂ ਜਾਂ ਹੋਰ ਦੁਖ
ਤਕਲੀਫ ਦੀਆਂ ਗੱਲਾਂ ਕਰਦੇ ਤੇ ਸੁਣਦੇ ਰਹਿੰਦੇ ਹਾਂ
ਓਨਾ ਹੀ ਸਾਡਾ ਜੀਵਨ ਉਹੋ ਜਿਹਾ ਹੁੰਦਾ ਜਾਂਦਾ ਹੈ
ਪਿਆਰੇ ਦੋਸਤੋ ਹਰ ਰੋਜ਼ ਜਿਆਦਾ ਸਮਾਂ ਕੁਝ ਚੰਗਾ,
ਸਕਾਰਾਤਮਕ ਤੇ ਉਤਸ਼ਾਹ ਵਧਾਉਣ ਵਾਲਾ ਸੁਣੋ
ਦੂਜਿਆਂ ਨੂੰ ਵੀ ਚੰਗੀਆਂ ਗੱਲਾਂ ਲਈ ਪ੍ਰੇਰਿਤ ਕਰੋ
ਦੁਵਾਵਾਂ ਖੁਸ਼ਹਾਲੀ ਵਾਸਤੇ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਸ਼ੁਕਰੀਆ ਬ੍ਰਹਿਮੰਡ ਦੇ ਹਰ ਕਣ ਦਾ
ਪ੍ਰੇਮ ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਜੇਕਰ ਆਪਣੇ ਕੰਮ ਨੂੰ ਪਿਆਰ ਨਹੀਂ ਕਰਦੇ ਤਾਂ ਸਾਨੂੰ ਕੰਮ ਇਕ ਬੰਧਨ ਲੱਗੇਗਾ
ਤੇ ਆਪਣਾ ਆਪ ਗੁਲਾਮ ਵਾਂਗ ਲੱਗੇਗਾ
ਫਿਰ ਅਸੀਂ ਕਦੀ ਮਨ ਲਗਾਕੇ ਪੂਰੀ ਇਮਾਨਦਾਰੀ
ਨਾਲ ਕੰਮ ਨਹੀਂ ਕਰਾਂਗੇ ਸਗੋਂ ਵਕ਼ਤ ਗੁਜ਼ਾਰਾ ਕਰਨ ਵਾਂਗ ਕੰਮ ਕਰਾਂਗੇ
ਇਸ ਤਰਾਂ ਸਾਡੇ ਆਪਣੇ ਅੰਦਰੋਂ ਵੀ ਸ਼ਾਨਦਾਰ ਇਨਸਾਨ
ਵਾਲਾ ਵਿਕਾਸ ਤੇ ਗੁਣ ਪੈਦਾ ਨਹੀਂ ਹੋਊ
ਸਾਡੇ ਕੋਲ ਕੋਈ ਕੰਮ ਹੋਣਾ ਧਰਤੀ ਦੀ ਸਭ ਤੋਂ ਖ਼ੂਬਸੂਰਤ ਗੱਲ ਹੈ
ਜੀਵਨ ਦਾ ਸਫ਼ਰ ਪੂਰਾ ਕਰਨ ਲਈ ਇਹ ਇਕ ਚੰਗਾ ਪ੍ਰਬੰਧ ਹੈ
ਆਓ ਆਪਣੇ ਆਪਣੇ ਕੰਮ ਲਈ ਧਰਤੀ ਦਾ, ਰੱਬ ਦਾ,
ਇਸ ਕੁਦਰਤ ਦਾ ਸ਼ੁਕਰੀਆ ਅਦਾ ਕਰੀਏ
ਆਪਣੇ ਕੰਮ ਪ੍ਰਤੀ ਪ੍ਰੇਮ ਤੇ ਆਦਰ ਦੀ ਭਾਵਨਾ ਜਗਾਈਏ
ਦੁਵਾਵਾਂ ਪੂਰੀ ਰੂਹ ਨਾਲ ਜੀਣ ਦੀਆ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਪ੍ਰੇਮ ਜੀਓ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਇਹ ਸਭ ਕੁਜ ਸਾਨੂੰ ਜੋ ਵੀ ਸਮਾਨ ਦੇ ਰੂਪ ਚ ਨਜ਼ਰ ਆ
ਰਿਹਾ ਅਸਲ ਚ ਸਭ ਕੁਝ ਕੁਦਰਤ ਦਾ ਸਾਡੇ ਲਈ ਗਹਿਰਾ ਅਟੁੱਟ ਪ੍ਰੇਮ ਹੈ
ਅਸੀਂ ਸਾਹ ਖੁਦ ਨਹੀਂ ਲੈ ਰਹੇ
ਸਾਹਾਂ ਦੀ ਆਪਣੀ ਮਰਜ਼ੀ ਦੀ ਕ੍ਰਿਆ ਹੈ
ਰੁੱਖਾਂ ਕਦੀ ਸਾਨੂੰ ਆਕਸੀਜਨ ਤੋਂ ਮਨਾਂ ਨਹੀਂ ਕੀਤਾ
ਧਰਤੀ ਸਾਨੂੰ ਲੈਕੇ ਘੁੰਮ ਰਹੀ ਤੇ ਓਹਨੇ ਕਦੀ ਸੰਤੁਲਨ ਵੀ ਨਹੀਂ ਵਗਾੜਿਆ
ਸਾਡੀ ਜਰੂਰਤ ਦਾ ਸਭ ਕੁਝ ਇਸ ਬ੍ਰਹਿਮੰਡ ਚ ਹੈ
ਸਾਰਾ ਬ੍ਰਹਿਮੰਡ ਉਂਜ ਕੰਮ ਕਰ ਰਿਹਾ ਜਿਵੇ ਸਾਡੇ ਜਿਊਣ ਲਈ ਸਹਾਇਕ ਹੈ
ਇਹ ਪ੍ਰੇਮ ਨਹੀਂ ਤਾਂ ਕੀ ਹੈ
ਆਓ ਪਿਆਰਿਓ ਖੁਦ ਨੂੰ ਇਸ ਕਿਰਪਾ ਦੇ ਲਾਇਕ ਬਣਾਈਏ
ਸ਼ੁਕਰੀਆ ਤੁਹਾਡੇ ਸਭ ਦੇ ਹੋਣ ਦਾ
ਦੁਵਾਵਾਂ ਤੁਹਾਡੇ ਹੱਸਦੇ ਵਸਦੇ ਵੇਹੜੇਆ ਲਈ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਪ੍ਰੇਮ ਜੀਓ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਬੜਾ ਸਮਾਂ ਦੂਜਿਆਂ ਨੂੰ ਪ੍ਰਭਾਵਿਤ ਕਰਨ ਚ
ਜਾ ਦੂਜਿਆਂ ਵਲੋਂ ਮਿਲੀਆਂ ਪ੍ਰੇਸ਼ਾਨੀਆਂ ਚ ਹੀ ਗੁਜ਼ਾਰ ਦੇਂਦੇ ਹਾਂ
ਇਹ ਸਭ ਜਜ਼ਬਾਤਾਂ ਤੇ ਵਿਚਾਰਾਂ ਦਾ ਨਾਟਕ ਹੈ
ਜਿਸਨੂੰ ਅਸੀਂ ਬੜੀ ਗੰਭੀਰਤਾ ਚ ਲੈ ਲੈਂਦੇ ਹਾਂ
ਜੋ ਅਸਲ ਸੱਚਾਈ ਵੀ ਨਹੀਂ ਹੁੰਦਾ
ਜਿੰਨੀ ਜਲਦੀ ਇਸ ਨਾਟਕ ਨੂੰ ਸਮਝ ਲਿਆ ਜਾਵੇ,
ਜੀਵਨ ਓਨਾ ਹੀ ਬਾ-ਕਮਾਲ ਹੋਊ
ਦੁਵਾਵਾਂ ਖੁਦ ਨਾਲ ਮਿਲਣ ਦੀਆਂ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਸ਼ੁਕਰੀਆ ਪਿਆਰਿਓ
ਪ੍ਰੇਮ
ਜੀਓ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਬੇਸ਼ੱਕ ਸਬਰ ਥੱਕ ਰਿਹਾ ਹੋਵੇ
ਬੇ ਉਮੀਦ ਹੋ ਰਹੇ ਹੋਵੋ
ਪਰ ਤੁਰਨਾ ਨਾ ਛੱਡੋ
ਕੁਦਰਤ ਕਦੀ ਸਾਥ ਨਹੀਂ ਛੱਡ ਦੀ
ਸਗੋਂ ਹੋਰ ਸ਼ੁੱਧ ਹੋਕੇ, ਹੋਰ ਪੱਕੇ ਹੋਕੇ
ਪਹਿਲਾਂ ਤੋਂ ਵੀ ਵੱਧ ਊਰਜਾ ਨਾਲ ਤੁਰੋ
ਤੁਰਦਾ ਰਹਿਣ ਵਾਲਾ ਪਹੁੰਚਦਾ ਜਰੂਰ ਹੈ, ਇਹ ਖੁਦ ਤੱਕ ਪਹੁੰਚਣ ਦਾ ਸਫ਼ਰ ਹੈ
ਪੂਰੇ ਮਨ ਨਾਲ ਇਸ ਸਫ਼ਰ ਨੂੰ ਜਾਰੀ ਰੱਖੋ
ਧਿਆਨ ਜਰੂਰ ਲਾਉਣਾ
ਦੁਵਾਵਾਂ ਰੋਸ਼ਨ ਹੋਣ ਦੀਆਂ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਪ੍ਰੇਮ
ਜੀਓ
(ਸਥਾਪਨਾ ਦਿਵਸ 13 ਮਈ ਨੂੰ ਸਮਰਪਿਤ)





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸਾਨੂੰ ਸਭ ਨੂੰ ਲੋਅ ਵੰਡ ਰਹੀ,
ਸਾਡੇ ਅੰਦਰ ਆਦਰ ਭਰਪੂਰ ਭਾਵੁਕ ਜਗ੍ਹਾ ਰੱਖਦੀ ਸਾਡੀ ਸੰਸਥਾ
ਰੋਸ਼ਨ ਇਕ ਸ਼ਖ਼ਸ ' ਸਰਦਾਰ ਸੰਤ ਸਿੰਘ ਜੀ ', ਬਾਕਮਾਲ ਇਕ ਸਪਨਾ ਕੇ ਉਸ ਸਮੇਂ ਦੇ ਤੇ ਆਉਣ ਵਾਲੀ
ਨਸਲ ਦੇ ਬੱਚੇ ਰੋਸ਼ਨ ਹੋਣ
ਤੇ ਇਸ ਰੋਸ਼ਨੀ ਦੇ ਰੁੱਖ ਲਈ 13 ਮਈ 1893 ਨੂੰ ਇਕ ਵਿਦਿਅਕ ਅਦਾਰੇ ਦਾ ਬੀਜ਼ ਉਸ ਬ-ਕਮਾਲ ਸ਼ਕਸ਼
ਨੇ ਆਪਣਾ ਸਭ ਕੁਜ ਦਾਨ ਕਰਕੇ
ਜਿਵੇ ਆਪਣੀਆਂ ਹਥੇਲੀਆਂ ਚ ਹੀ ਬੀਜ਼ ਦਿੱਤਾ ਹੁੰਦਾ
ਇਹ ਉਸ ਸੰਤ ਰੂਹ ਦਾ ਪ੍ਰੇਮ ਸਾਡੇ ਸਭ ਲਈ
ਆਓ ਪਿਆਰਿਓ ਕੁਝ ਦਿਨ ਉਸ ਰੋਸ਼ਨ ਰੂਹ ਨੂੰ ਸਮਰਪਿਤ ਕਰੀਏ
ਕੁਝ ਦਿਨ ਸੰਸਥਾ ਦੀ ਹੋਂਦ ਦੀ ਬਾਤ ਪਾਈਏ
ਗਿਆਨ ਵੰਡਦੀਆਂ ਥਾਵਾਂ ਨੂੰ ਆਦਰ ਸਮਰਪਣ ਦੇਣ ਨਾਲ ਸਾਡੀ ਰੂਹ ਚ ਸੱਚਾਈ,
ਪ੍ਰੇਮ ਤੇ ਲਗਨ ਦੀ ਬਰਕਤ ਪੈਂਦੀ ਹੈ
ਦੁਵਾਵਾਂ ਅੰਦਰ ਲੋਅ ਲੱਗਣ ਦੀਆਂ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਪ੍ਰੇਮ ਜੀਓ


**( ਸੰਤ ਸਿੰਘ ਸੁੱਖਾ ਸਿੰਘ ਸੰਸਥਾ ਦੇ ਸਥਾਪਨਾ ਦਿਵਸ ' 13 ਮਈ ' ਨੂੰ ਸਮਰਪਿਤ )**




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਦਿਲਾਂ ਦੇ , ਰੂਹਾਂ ਦੇ ਹਨੇਰੇ ਦੂਰ ਕਰਨਾ ਰੱਬੀ ਕਰਮ ਹੈ
ਸਰਦਾਰ ਸੰਤ ਸਿੰਘ ਜੀ ਵਲੋਂ ਆਰੰਭ ਕੀਤੇ ਇਸ ਰੱਬੀ
ਕਰਮ ਦੀ ਮਾਲਾ ਚ ਇਕ ਮੋਤੀ ਹੋਰ ਜੜਿਆ ਗਿਆ
ਸੰਤ ਸਿੰਘ ਸੁੱਖਾ ਸਿੰਘ ਕਾਮਰਸ ਕਾਲਜ ਦਾ 1993 ਚ ਆਗਾਜ਼ ਹੋਇਆ
ਚੇਤਨਾ ਦਾ ਖ਼ਜ਼ਾਨਾ ਸੰਭਾਲੀ ਹੋਈ ਇਕ ਪਾਕੀਜ਼ ਥਾਂ
ਜਿਸ ਨੇ ਵੀ ਖੁਦ ਨੂੰ ਖਾਲੀ ਕਰ ਸਮਰਪਣ ਕੀਤਾ,
ਓਹਦੇ ਅੰਦਰ ਪੋਰ- ਪੋਰ ਚ ਚਾਨਣ ਭਰਦਾ ਲੱਗਾ
ਉਮੀਦ ਪਿਆਰੇ ਦੋਸਤੋ ਜਦੋ ਹੁਣ ਫਿਰ ਮਿਲਾਂਗੇ ਉਸ
ਥਾਂ ਤੇ ਤਾਂ ਉਸਦੇ ਇਹਨਾਂ ਅਹਿਸਾਸਾਂ ਨਾਲ ਜੁੜਾਂਗੇ
ਅਨੰਤ ਦੁਵਾਵਾਂ ਉਸ ਜਗ੍ਹਾ ਵਲੋਂ ਸਭ ਲਈ
ਰੱਬ ਭਲਾ ਕਰੇ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ
ਪ੍ਰੇਮ
ਜੀਓ
( ਸਥਾਪਨਾ ਦਿਵਸ ' 13 ਮਈ ' ਨੂੰ ਸਮਰਪਿਤ )




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਇਹ ਇਨਸਾਨਾਂ ਦੀ ਹਮੇਸ਼ਾ ਖੁਸ਼ਨਸੀਬੀ ਹੁੰਦੀ ਕੇ ਉਹਨਾਂ
ਨੂੰ ਕੁਝ ਨਵਾਂ ਜਾਨਣ ਨੂੰ , ਸਿੱਖਣ ਨੂੰ ਮਿਲ ਰਿਹਾ ਹੋਵੇ
ਇਹ ਕਰਮ , ਕਿਰਪਾ , ਬਖਸ਼ਿਸ਼ ਕੇ ਅਸੀਂ ਜਿਸ
ਸੰਸਥਾ ਦਾ ਹਿੱਸਾ ਬਣੇ ਉਹ ਨਵੀਆਂ ਮੰਜ਼ਿਲਾਂ ਵੱਲ ਤੁਰਦੇ ਸਫ਼ਰ ਤੇ ਹੈ
ਅਣਛੋਹੇ ਵਿਸ਼ਿਆਂ ਤੇ ਗੱਲ ਕਰਨਾ , ਵਿਲੱਖਣ ਸਭਿਆਚਾਰਿਕ
ਪ੍ਰੋਗਰਾਮ ਉਲੀਕਣੇ , ਸਾਡੇ ਆਪੇ ਤੋਂ ਲੈਕੇ ਧਰਤੀ ਦੀ ਹੋਂਦ ਪ੍ਰਤੀ ਫ਼ਿਕਰ ਤੇ ਅਧਿਆਤਮ ਨੂੰ ਸਾਡਾ
ਹਿੱਸਾ ਬਣਾਉਂਦੀ ਬਾਣੀ ਰਾਹੀਂ , ਵਾਣੀ ਚ ਰਸ ਤੇ ਸਕੂਨ ਭਰਨ ਦੀ ਜਾਚ ਸਖਾਉਂਦੀ
ਇਸ ਜਗ੍ਹਾ ਦੀ ਅਹਿਮੀਅਤ ਦਿਲਾਂ ਚ ਗਹਿਰੀ ਹੈ
ਗਿਆਨ ਦਾ ਮਤਲਬ ਫਿਲੌਸਫਰ ਜਾਂ ਵਿਦਵਾਨ ਹੋਣਾ ਨਹੀਂ
ਗਿਆਨ ਦੇ ਅਰਥ ਸ਼ਾਨਦਾਰ ਇਨਸਾਨ ਹੋਣ ਚ ਹਨ
ਉਮੀਦ ਹੈ ਸਾਡੇ ਅੰਦਰ ਨਵੀਆਂ ਰਾਹਾਂ ਦੀ , ਨਵੀਂ ਸੋਚ ਦੀ ਚਾਹ ਹੋਊ
ਆਓ ਪਿਆਰਿਓ ਸ਼ੁਕਰ ਕਰੀਏ ਕੇ ਸਾਡੇ ਲਈ ਕੋਈ ਚਿਣਗ ਮੌਜੂਦ ਹੈ
ਇਸ ਸੰਸਥਾ ਦੀ ਹੋਂਦ ਦੀ ਮੁਬਾਰਕ
ਇਹਦੇ ਜ਼ੱਰੇ ਜ਼ੱਰੇ ਵਲੋਂ ਤੁਹਾਨੂੰ ਦੁਵਾਵਾਂ ਤੇ ਉਤਸ਼ਾਹ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਪ੍ਰੇਮ ਜੀਓ
**( ਸੰਸਥਾ ਦੇ 128 ਵੇ ਸਥਾਪਨਾ ਦਿਵਸ ' 13 ਮਈ 2020 ' ਨੂੰ ਸਮਰਪਿਤ )**





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਇਹ ਮਦਰੱਸੇ, ਸਕੂਲ, ਕਾਲਜ ਤੇ ਹਰੇਕ ਵਿਦਿਅਕ
ਅਦਾਰਾ ਅਸਲ ਚ ਬੋਲਣ ਦੀ ਤੇ ਲੋੜ ਜੋਗਾ
ਬੋਲਣ ਦੀ ਜਾਚ ਸਿਖਾਉਣ ਲਈ ਹਨ
ਖੁਸ਼ਨਸੀਬੀ ਕੇ ਅਸੀਂ ਸਾਰੇ ਜਿਸ ਸਥਾਨ ਨਾਲ
ਸੰਬੰਧ ਰੱਖਦੇ ਹਾਂ ਓਹਨੇ ਹਮੇਸ਼ਾ ਚੰਗਾ ਬੋਲਣ,
ਜਰੂਰਤ ਜੋਗਾ ਬੋਲਣ ਦੀ ਅਹਿਮੀਅਤ ਦੱਸੀ
ਜੀਉਂਦੀਆਂ ਵਸਦੀਆਂ ਰਹਿਣ ਇਹ ਥਾਵਾਂ ਤੇ ਅਸੀਂ
ਜ਼ਿੰਦਗੀ ਸਿੱਖਣ ਲਈ, ਜੀਣ ਦੀ ਜਾਚ ਸਿੱਖਣ ਲਈ ਜਾਈਏ
ਸ਼ੁਕਰਾਨਾ ਇਸ ਥਾਂ ਦੇ ਕਣ ਕਣ ਦਾ
ਪਿਆਰਿਓ ਜੀਂਦੇ ਵਸਦੇ ਰਹੋ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਪ੍ਰੇਮ
ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸਜਦਾ ਇਸ ਵਿਦਿਅਕ ਅਦਾਰੇ ਨੂੰ
ਸਜਦਾ ਸਾਡੀ ਅਜ਼ੀਜ਼ ਸੰਸਥਾ ਨੂੰ
ਸਾਨੂ ਬੇਪਛਾਣ ਇਨਸਾਨਾਂ ਨੂੰ ਰੁਤਬੇ ਦੇਂਦੀ, ਆਹੁਦੇ ਦੇਂਦੀ,
ਇੱਜਤ-ਮਾਣ ਬਖ਼ਸ਼ਦੀ
ਜ਼ਿੰਦਗੀ ਨੂੰ ਵੇਖਣ ਦੇ ਜੀਣ ਲਈ ਸਾਫ ਨਜ਼ਰ ਦੇਂਦੀ
ਸ਼ੁਕਰੀਆ ਅਸੀਂ ਇਸਦਾ ਹਿੱਸਾ ਹਾਂ
ਤੁਹਾਨੂੰ ਸਭ ਨੂੰ ਸੰਤ ਸਿੰਘ ਸੁੱਖਾ ਸਿੰਘ ਸੰਸਥਾ ਦੇ 128ਵੇ ਸਥਾਪਨਾ ਦਿਵਸ ਦੀ
ਮੁਬਾਰਕ
ਰੱਬ ਕਰੇ ਇਹ ਜਗ੍ਹਾ ਹਮੇਸ਼ਾ ਰੌਸ਼ਨ ਰਹੇ
ਇਹਦਾ ਕੰਮ, ਸਫ਼ਲਤਾ ਤੇ ਮਕਬੂਲੀਅਤ ਬੁਲੰਦੀਆਂ ਛੂਹੇ
ਸ਼ੁਕਰੀਆ ਤੁਹਾਡੇ ਸਭ ਦੇ ਹੋਣ ਦਾ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਜੀਓ
ਪ੍ਰੇਮ

# Sant Singh Sukha Singh
# Group of Schools and Colleges
*Amritsar* Estd. May 13, 1893





*Heartiest Congratulations on the occasion of 128th Foundation Day*


*May 13, 2020*





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਦੁਨੀਆ ਚ ਸਭ ਤੋਂ ਸੋਹਣੀ ਸੰਗਤ ਖੁਦ ਦੀ ਸੰਗਤ ਹੀ ਹੈ
ਸਾਡੇ ਸਾਰੇ ਸੰਬੰਧ  ਭਾਵੇਂ ਉਹ  ਇਨਸਾਨਾਂ ਨਾਲ ਹਨ ਜਾਂ
ਫ਼ੋਨ ਤੇ ਹੋਰ ਤਕਨੀਕਾਂ ਨਾਲ ਉਹ ਜਿਆਦਾਤਰ ਆਪਣੇ ਆਪ ਤੋਂ ਪਰਾਂ ਹੋਣ ਦੇ ਹਨ
ਪਿਆਰੇ ਦੋਸਤੋ ਖੁਦ ਨੂੰ ਪਰਖਣ ਦਾ ਵਕ਼ਤ ਹੈ
ਜਰਾ ਵੇਖੋ ਕੇ ਕਿੰਨਾ ਕੁ ਪਸੰਦ ਕਰਦੇ ਹੋ ਆਪਣੀ ਹੀ ਸੰਗਤ
ਅਗਰ ਖੁਦ ਨਾਲ ਰਹਿਣਾ ਖੁਦ ਨੂੰ ਹੀ ਪਸੰਦ ਨਹੀਂ ਤੇ ਦੂਜੇ ਕਿੰਜ ਪਸੰਦ ਕਰ ਸਕਦੇ
ਪਿਆਰਿਓ ਇਕ ਘੰਟੇ ਲਈ ਖੁਦ ਕੋਲ ਬੈਠੋ ਤੇ ਵੇਖੋ
ਆਪਣੇ ਕੋਲੋਂ ਹੀ ਭੱਜ ਜਾਣ ਦੇ ਕਿਹੜੇ ਖਿਆਲ ਆਉਂਦੇ
ਖੁਦ ਨੂੰ ਹਰ ਤਰਾਂ ਦੀ ਗੁਲਾਮੀ ਚੋਂ ਬਾਹਰ ਕੱਢੋ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਦੁਵਾਵਾਂ ਖੁਦ ਨਾਲ ਪ੍ਰੇਮ ਹੋ ਜਾਣ ਦੀਆਂ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਇਸ ਅਥਾਹ ਬ੍ਰਹਿਮੰਡ ਚ, ਇਸ ਖੂਬਸੂਰਤ ਵਿਸ਼ਾਲ
ਧਰਤੀ ਤੇ ਅਸੀਂ ਬੇਹੱਦ ਛੋਟੇ ਬਲਕਿ ਨਾ-ਮਾਤਰ ਜੀਵ
ਹਾਂ ਜੋ ਕੇ ਇਸ ਪਸਾਰੇ ਬਾਰੇ ਕੁਛ ਵੀ ਨਹੀਂ ਜਾਣਦੇ
ਜਦੋਂ ਆਪਣੀ ਆਗਿਆਨਤਾ ਤੇ ਤੁੱਛਤਾ ਦਾ ਅਹਿਸਾਸ
ਹੋ ਜਾਵੇ ਉਸ ਵਕਤ ਹੀ ਅਸੀਂ ਕੁਦਰਤ ਦੇ ਸਭ ਤੋਂ
ਜਿਆਦਾ ਕਰੀਬ ਹੋ ਸਕਦੇ ਹਾਂ
ਦੁਵਾਵਾਂ ਕੁਦਰਤ ਨਾਲ ਨੇੜਤਾ ਦੀਆਂ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸਾਡੇ ਅੰਦਰ ਜੋ ਵੀ ਭਾਵਨਾ ਪੈਦਾ ਹੁੰਦੀ ਉਸਦਾ
ਫਾਇਦਾ ਜਾਂ ਨੁਕਸਾਨ ਸਾਨੂੰ ਹੀ ਹੁੰਦਾ
ਅਗਰ ਪ੍ਰੇਮ ਤੇ ਖੁਸ਼ੀ ਹੈ ਤਾਂ ਸਾਡਾ ਆਪਾ ਪ੍ਰਫੁੱਲਤ ਹੁੰਦਾ ਤੇ
ਜੇਕਰ ਕ੍ਰੋਧ , ਈਰਖਾ , ਜਾਂ ਨਫ਼ਰਤ ਹੈ ਤਾਂ ਸਾਡੇ ਅੰਦਰ ਹੀ
ਉਹ ਜ਼ਹਿਰ ਵਾਂਗ ਫੈਲਦੇ
ਇੰਜ ਨਹੀਂ ਹੁੰਦਾ ਕੇ ਭਾਵਨਾਵਾਂ ਸਾਡੇ ਅੰਦਰ ਪੈਦਾ ਹੋਣ ਤੇ
ਅਸਰ ਦੂਜੇ ਤੇ ਹੋਵੇ
ਆਓ ਪਿਆਰੇ ਦੋਸਤੋ ਆਪਣੀਆਂ ਭਾਵਨਾਵਾਂ ਤੇ ਝਾਤੀ ਮਾਰੀਏ
ਦੁਵਾਵਾਂ ਸੁਖਦ ਭਾਵਨਾ ਲਈ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਪ੍ਰੇਮ
ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸੱਚਾਈ ਨਾਲ ਰਹਿਣ ਦਾ ਮਤਲਬ ਅਸੀਂ ਜਿਵੇਂ ਦੇ ਵੀ ਹਾਂ ,
ਜੋ ਵੀ ਹਾਂ ਉਸਨੂੰ ਕਬੂਲ ਕਰਨਾ ਤੇ ਬਿਨਾਂ ਦੁੱਖੀ ਜਾਂ
ਉਦਾਸ ਹੋਏ ਉਸ ਸੱਚ ਨਾਲ ਰਹਿਣਾ
ਜਦੋਂ ਵੀ ਅਸੀਂ ਕਿਸੇ ਹੋਰ ਵਰਗੇ ਬਨਣ ਦੀ
ਕੋਸ਼ਿਸ਼ ਕਰਨ ਲੱਗ ਜਾਂਦੇ ਹਾਂ ਜਾਂ ਕਿਸੇ ਤੋਂ ਪ੍ਰਭਾਵਿਤ ਹੋਕੇ
ਉਸਦੀ ਨਕਲ ਕਰਨ ਲੱਗ ਜਾਂਦੇ ਹਾਂ ਤਾਂ ਅਸੀਂ
ਓਸੇ ਹੀ ਪਲ ਸੱਚਾਈ ਤੋਂ ਦੂਰ ਹੋ ਜਾਂਦੇ ਹਾਂ
ਆਓ ਪਿਆਰਿਓ ਖੁਦ ਨੂੰ ਕਬੂਲ ਕਰੀਏ ,
ਸੱਚਾਈ ਨਾਲ ਰਹੀਏ ਤੇ ਸੱਚਾਈ ਹਰ ਤਰਾਂ ਨਾਲ ਖੂਬਸੂਰਤ ਹੀ ਹੁੰਦੀ ਹੈ
ਦੁਵਾਵਾਂ ਖੁਦ ਦੀ ਖੂਬਸੂਰਤੀ ਨੂੰ ਮਹਿਸੂਸ ਕਰਨ ਦੀਆਂ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਜੀਓ
ਪ੍ਰੇਮ





ਸਾਡਾ ਬਹੁਤ ਜਿਆਦਾ ਬੋਲਣਾ ਹਮੇਸ਼ਾ ਗੱਲ ਦੇ
ਅਰਥ ਉਲਝਾਉਂਦਾ, ਖ਼ਰਾਬ ਕਰਦਾ , ਤੇ ਗਵਾ ਵੀ ਦੇਂਦਾ ਹੈਂ
ਜਿਆਦਾ ਬੋਲਣਾ ਸਾਡੇ ਅੰਦਰ ਦੀ ਬਹੁਤ ਸਾਰੀ
ਊਰਜਾ ਵੀ ਨਸ਼ਟ ਕਰਦਾ ਹੈ ਤੇ ਨਾਲ ਹੀ ਅੰਤਾਂ ਦੀ
ਬੇਲੋੜੀ ਯਾਦਾਸ਼ਤ ਵੀ ਦਿਮਾਗ ਚ ਭਰਦਾ ਜੋ
ਸਾਨੂੰ ਤੰਗ ਕਰਦੀ ਰਹਿੰਦੀ
ਪਿਆਰਿਓ ਚੁਪ ਚ ਪਰਮਾਤਮਾ ਹੈ,
ਇਸ ਬ੍ਰਹਿਮੰਡ ਦੀ ਤਾਕਤ ਹੈ
ਆਓ ਮਹਿਸੂਸ ਕਰੀਏ
ਦੁਵਾਵਾਂ ਅੰਦਰ ਦੀ ਖ਼ੂਬਸੂਰਤ ਖਾਮੋਸ਼ੀ ਲਈ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸਲੀ  ਅਕਲਮੰਦੀ  ਸਮੱਸਿਆ ਨੂੰ ਆਉਣ ਤੋਂ ਵੀ ਪਹਿਲਾਂ ਪਛਾਣ ਜਾਣਾ ਹੈ
ਤੇ ਉਸ ਵਕਤ ਤੋਂ ਹੀ ਬਚਾਵ ਦੀ ਤਿਆਰੀ ਕਰ ਦੇਣੀ ਚਾਹੀਦੀ ਹੈ
ਸਾਡੀ ਧਰਤੀ ਦੀ ਅਣਗਿਣਤ ਜੰਨਸੰਖਿਆ, ਪਾਣੀ ਦੀ ਕਮੀ ਤੇ ਖਰਾਬੀ, ਰੁੱਖਾਂ ਬਾਰੇ
ਸਾਡੀ ਏਨੀ ਅਣਗਹਿਲੀ ਨੇ ਅੱਜ ਸਾਨੂੰ ਇਸ ਹਲਾਤ ਚ ਲੈ ਆਂਦਾ ਹੈ ਕੇ
ਸਾਨੂੰ ਚਣੌਤੀ ਭਰੇ ਵਕ਼ਤ ਦਾ ਸਾਹਮਣਾ ਕਰਨਾ ਪੈ ਰਿਹਾ
ਆਓ ਪਿਆਰਿਓ ਇਸ ਗ੍ਰਹਿ ਦੀਆਂ ਸਾਡੇ ਕਾਰਨ ਪੈਦਾ ਹੋਈਆਂ ਕਮੀਆਂ ਤੇ ਸਾਡੇ
ਆਪਣੇ ਅੰਦਰ ਦੀਆਂ ਸਭ ਕਮੀਆਂ ਨੂੰ ਹੁਣ ਤੋਂ ਨਜ਼ਰਅੰਦਾਜ਼ ਨਾ ਕਰੀਏ ਤਾਂ ਕੇ ਅੱਗੇ
ਦੇ ਵਕ਼ਤ ਚ ਸੁਖਾਲੇ ਰਹਿ ਸਕੀਏ
ਦੁਵਾਵਾਂ ਇਸ ਗ੍ਰਹਿ ਤੇ ਸਕੂਨ ਤੇ ਖੁਸ਼ਹਾਲੀ ਨਾਲ ਜੀਣ ਦੀਆਂ
ਧਰਤੀ ਮਾਂ ਸਭ ਦਾ ਭਲਾ ਕਰੇ
ਰੱਬ ਤੁਹਾਡੇ ਤੇ ਤੁਹਾਡੇ ਪਰਿਵਾਰ ਦੇ ਨਾਲ ਹੈ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਚੁਸਤ ਚਲਾਕੀ ਹਮੇਸ਼ਾ ਛਲ ਦਾ ਰੂਪ ਬਣਦੀ ਹੈ , ਜੋ ਸਮਾਜਿਕ
ਕੰਮਾਂ- ਕਾਰਾਂ ਚ ਭਾਵੇਂ ਵਕਤੀ ਤੌਰ ਤੇ ਫਾਇਦਾ ਵੀ ਦੇਦੇ
ਪਰ ਅਸਲ ਚ ਇਹ ਇਕ ਮਾੜਾ ਗੁਣ ਹੁੰਦੀ ਹੈ
ਜਦਕਿ ਬੁੱਧੀਮਾਨ ਹੋਣਾ ਕੁਦਰਤ ਦਾ ਗੁਣ ਹੈ,  ਜਿਸਦੇ ਅੰਸ਼ ਹਰ ਇਨਸਾਨ ਚ ਹਨ
ਪਰ ਅਸੀਂ ਲਾਭ ਹਾਨੀਆਂ  ਚ ਫਸੇ, ਚਲਾਕੀ ਨੂੰ ਚੁਣ ਲੈਂਦੇ ਹਾਂ
ਖੂਬਸੂਰਤ ਵਕ਼ਤ ਹੈ ਪਿਆਰਿਓ ਆਪਣੇ ਅੰਦਰ ਕੁਦਰਤ ਦੇ ਗੁਣ ਜਗਾਈਏ
ਦੁਵਾਵਾਂ ਬੁੱਧਤਵ ਦੇ ਜਾਗਣ ਦੀਆਂ
ਸ਼ੁਕਰੀਆ ਤੁਹਾਡੇ ਸਭ ਦੇ ਹੋਣ ਦਾ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਸਭ ਤੋਂ ਜਿਆਦਾ ਨੁਕਸਾਨ ਖੁਦ ਨੂੰ ਖੁਦ ਹੀ ਪਹੁੰਚਾਉਂਦੇ ਹਾਂ
ਹਰ ਵਕਤ ਸਾਡੇ ਅੰਦਰ ਵਿਚਾਰਾਂ ਦਾ ਆਉਣ ਜਾਣ ਲੱਗਾ ਹੈ
ਜੋ ਅਸਲ ਚ ਸਾਡੇ ਅੰਦਰ ਜਮਾਂ ਹੀ ਹੁੰਦਾ ਜਾਂਦਾ
ਹਰ ਰੋਜ਼ ਕੁਝ ਵਕ਼ਤ ਇਕੱਲੇ ਬੈਠ ਕੇ ਅੱਖਾਂ ਬੰਦ ਕਰਕੇ ਆਪਣੇ ਵਿਚਾਰਾਂ ਨੂੰ
ਵੇਖਣਾ ਤੇ ਫਿਰ ਹੌਲੀ ਹੌਲੀ ਓਹਨਾ ਤੋਂ ਖਾਲੀ ਹੋਣਾਂ ਹੀ ਧਿਆਨ ਹੈ
ਜੀਣ ਦਾ ਖੁਸ਼ਹਾਲ ਤਰੀਕਾ ਧਿਆਨ ਹੈ
ਉਮੀਦ ਹੈ ਅਸੀਂ ਰੋਜ਼ ਖਾਲੀ ਹੋ ਰਹੇ ਹਾਂ
ਖੁਦ ਦੇ ਵੱਧ ਨਜ਼ਦੀਕ ਆ ਰਹੇ ਹਾਂ
ਦੁਵਾਵਾਂ ਸਕੂਨ ਨਾਲ ਜੀਣ ਦੀਆਂ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਪ੍ਰੇਮ
ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਗਰ ਅਸੀਂ ਜ਼ਿੰਦਗੀ ਸਿਰਫ ਆਪਣੀ ਪਸੰਦ ਜਾਂ ਨਾਪਸੰਦ
ਦੇ ਹਿਸਾਬ ਨਾਲ ਜੀਂਦੇ ਹਾਂ ਤਾਂ ਕਦੀ ਵੀ ਪੂਰੀ ਤਰਾਂ
ਨਾਲ ਜੀਵਨ ਨਾਲ ਇਕਮਿਕ ਨਹੀਂ ਹੋ ਸਕਦੇ
ਨਾ ਹੀ ਸਾਡਾ ਪੂਰਾ ਵਿਕਾਸ ਹੋ ਸਕਦਾ
ਅਸਲ ਚ ਮਹੱਤਵਪੂਰਨ ਗੱਲ ਇਹ ਹੈ ਕੇ ਜ਼ਿੰਦਗੀ
ਲਈ ਜ਼ਰੂਰੀ ਤੇ ਲੋੜੀਂਦਾ ਕੀ ਹੈ
ਹਮੇਸ਼ਾ ਆਪਣੀ ਪਸੰਦ ਜਾਂ ਨਾਪਸੰਦ ਅਨੁਸਾਰ ਸੋਚਣਾ
ਕੱਟੜਤਾ ਨੂੰ ਜਨਮ ਦੇਂਦਾ ਜੋ ਇਨਸਾਨ ਨੂੰ ਸੀਮਿਤ ਕਰ ਦੇਂਦਾ
ਪਿਆਰਿਓ ਸੀਮਿਤ ਕਿਉਂ ਹੋਣਾ ਜਦੋਂ ਸਾਨੂੰ ਬਣਾਉਣ ਵਾਲਾ
ਅਸੀਮ ਤੇ ਉਹਦੀ ਇੱਛਾ ਕੇ ਅਸੀਂ ਅਸੀਮ ਹੋਈਏ
ਦੁਵਾਵਾਂ ਰੂਹ ਦੀ ਵਿਸ਼ਾਲਤਾ ਲਈ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਪਰਮਾਤਮਾ ਨੂੰ ਪਾ ਲੈਣ ਦੀ ਖ਼ਾਹਿਸ਼ ਸਾਡੀ ਆਗਿਆਨਤਾ ਚੋਂ ਹੈ
ਜਦਕਿ ਸਾਡੇ ਅੰਦਰ ਤੇ ਬਾਹਰ ਉਸਦੇ ਸਿਵਾ ਕੁਝ ਹੋਰ ਹੈ ਹੀ ਨਹੀਂ
ਪਹਿਲਾਂ ਤੋਂ ਹੀ ਮੌਜੂਦ ਨੂੰ ਪਾਉਣ ਬਾਰੇ ਅਸੀਂ ਉਲਝੇ ਰਹਿੰਦੇ ਹਾਂ
ਹਾਂ ਪਰਮਾਤਮਾ ਦੇ ਗੁਣ ਖੁਦ ਚ ਜਗਾਉਣ ਦੀ ਤਲਬ ਹੋਣਾ ,
ਲਗਨ ਹੋਣਾ ਮਾਇਨੇਖੇਜ਼ ਹੈ , ਤੇ ਚਾਹੁਣ ਵਾਲੀ ਗੱਲ ਹੈ
ਬਲਕਿ ਇਹ ਬ੍ਰਹਿਮੰਡ , ਕੁਦਰਤ, ਪਰਮਾਤਮਾ ਖੁਦ
ਇਹ ਪ੍ਰਬੰਧ ਕਰ ਰਿਹਾ ਹੁੰਦਾ ਕੇ ਅਸੀਂ ਉਸ ਵਰਗੇ ਹੁੰਦੇ ਜਾਈਏ
ਪਿਆਰਿਓ ਪ੍ਰੇਮ, ਸੇਵਾ, ਮਦਦ, ਸੱਚ, ਈਮਾਨ ਤੇ ਸਭ ਲਈ
ਇੱਕੋ ਜਿਹਾ ਸੋਚਣਾ ,ਚਾਹੁਨਾ ਇਹ ਰੱਬੀ ਗੁਣ ਹਨ
ਇਹ ਅੰਦਰੋਂ ਜਾਗਣੇ ਹੀ ਰੱਬ ਪਾਉਣਾ ਹੈ
ਸਜਦਾ ਤੁਹਾਡੇ ਸਭ ਅੰਦਰ ਬੈਠੇ ਪਰਮਾਤਮਾ ਨੂੰ
ਉਹ ਤੁਹਾਡੇ ਤੇ ਤੁਹਾਡੇ ਪਰਿਵਾਰ ਦੇ ਨਾਲ ਹੈ
ਸਭ ਭਲਾ
ਪ੍ਰੇਮ
ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਆਪਣੀ ਜ਼ਿੰਦਗੀ ਚ ਜਿਸ ਤਰਾਂ ਦੀਆਂ ਖਾਹਿਸ਼ਾਂ,
ਇੱਛਾਵਾਂ ਰੱਖਦੇ ਹਾਂ ਉਹਨਾਂ ਤੋਂ ਸਾਡਾ ਆਪਣਾ ਹੀ ਮੁੱਲ ,
ਸਾਡੀ ਹੋਂਦ ਦੀ ਸਾਰਥਕਤਾ ਪਤਾ ਲੱਗਦੀ ਹੈ
ਸਾਡੀ ਜੀਵਨ ਪ੍ਰਤੀ ਸੋਚ, ਸਾਡੀਆਂ ਇੱਛਾਵਾਂ - ਚਾਹਤਾਂ ਦੱਸ ਦੇਂਦੀਆਂ
ਹਨ
ਭੌਤਿਕ ਖਾਹਿਸ਼ਾਂ, ਮੋਹ ਜਾਂ ਲਾਲਸਾ ਤੋਂ ਆਈਆਂ ਖਾਹਿਸ਼ਾਂ
ਹਮੇਸ਼ਾ ਸਾਡੀ ਸਾਰਥਿਕਤਾ ਨੂੰ ਘਟਾ ਦੇਂਦੀਆਂ ਹਨ
ਆਓ ਪਿਆਰਿਓ ਜ਼ਰਾ ਝਾਤੀ ਮਾਰੀਏ ਆਪਣੀਆਂ ਇੱਛਾਵਾਂ ਤੇ
ਦੁਵਾਵਾਂ ਹਰ ਤਰਾਂ ਦੀ ਲਾਲਸਾ ਤੋਂ ਮੁਕਤ ਹੋਣ ਦੀਆਂ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਪ੍ਰੇਮ
ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸਹੂਲਤਾਂ  ਹੋਂਣਾ ਕੋਈ ਬੁਰੀ ਗੱਲ ਨਹੀਂ
ਬਲਕਿ ਅਫ਼ਸੋਸਜਨਕ ਗੱਲ  ਇਹ ਹੈ ਕੇ ਅਸੀਂ
ਸਹੂਲਤਾਂ ਦਾ ਇਸਤੇਮਾਲ ਕਰਦੇ ਉਹਨਾਂ ਦੀ ਗੁਲਾਮੀ ਚ ਆ ਜਾਂਦੇ ਹਾਂ
ਇਹ ਗੁਲਾਮੀ ਖੜੋਤ ਨੂੰ ਜਨਮ ਦੇਂਦੀ, ਜਦਕਿ ਜੀਵਨ
ਦੀ ਖਾਸੀਅਤ ਬਦਲਾਅ ਚ ਹੈ , ਅੱਗੇ ਵਧਣ ਚ ਹੈ
ਸਾਧਨ ਬੁਰੇ ਨਹੀਂ ਅਗਰ ਤੁਸੀਂ ਅੱਗੇ ਵੱਧਦੇ ਜਾਂਦੇ ਹੋ, ਤੇ ਉਪਰ ਉਠਦੇ ਜਾਂਦੇ ਹੋ
ਆਦੀ ਹੋ ਜਾਣਾ ਤੇ ਅੱਗੇ ਨਾ ਵੱਧ ਪਾਉਣਾ ਅਧੂਰੀ ਜ਼ਿੰਦਗੀ ਜੀਣ ਵਾਂਗ ਹੈ
ਪਿਆਰਿਓ ਇਸ ਧਰਤੀ ਤੇ ਆਏ ਹਾਂ ਤੇ ਫਿਰ ਪੂਰਾ ਜੀਣ ਦਾ ਅਨੰਦ ਲਈਏ
ਦੁਵਾਵਾਂ ਹਰ ਤਰਾਂ ਦੀ ਗੁਲਾਮੀ ਚੋ ਬਾਹਰ ਆਉਣ ਦੀਆਂ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਇਸ ਬ੍ਰਹਿਮੰਡ ਚ ਇਹੋ ਜਿਹੀ ਕੋਈ ਜਗ੍ਹਾ ਨਹੀਂ ਜਿਥੇ
ਰੱਬੀ ਕਿਰਪਾ ਨਾ ਬਰਸ ਰਹੀ ਹੋਵੇ
ਹਰ ਜਗ੍ਹਾ ਓਹਦੀ ਨਜ਼ਰ, ਓਹਦਾ ਨੂਰ ਫੈਲਿਆ ਹੈ
ਸਾਡੇ ਅੰਦਰ- ਬਾਹਰ, ਹਰ ਜੀਵ ਜੰਤੂ ਚ ਤੇ ਹਰ
ਪਦਾਰਥ ਚ ਓਹਦੀ ਹੋਂਦ ਨਿਰੰਤਰ ਜਾਗਦੀ ਰਹਿੰਦੀ
ਸਭ ਕੁਝ ਨੂੰ ਤੱਕਦੀ ਰਹਿੰਦੀ
ਪਿਆਰੇ ਦੋਸਤੋ ਬਸ ਸਾਨੂੰ ਉਸ ਕਿਰਪਾ ਨੂੰ ਗ੍ਰਹਿਣ
ਕਰਨ ਲਈ ਖੁਦ ਨੂੰ ਤਿਆਰ ਕਰਨਾ ਹੁੰਦਾ
ਸਵੇਰੇ ਅੱਖ ਖੁੱਲਣ ਤੇ ਜੀਂਦੇ ਹੋਣ ਦਾ ਸ਼ੁਕਰੀਆ ਅਦਾ ਕਰੋ
ਹਰ ਚੀਜ਼ ਲਈ ਸ਼ੁਕਰ ਕਰਨਾ ਸਾਨੂੰ ਕਿਰਪਾ ਲੈਣ ਲਾਇਕ ਬਣਾਉਂਦਾ ਹੈ
ਦੁਵਾਵਾਂ ਖੂਬਸੂਰਤ ਜ਼ਿੰਦਗੀ ਦੀਆਂ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰ ਰਿਹਾ
ਪ੍ਰੇਮ
ਜੀਓ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਚਿਹਰੇ, ਨੈਣ -ਨਕਸ਼, ਰੰਗ, ਜਾਂ ਹੋਰ ਕੋਈ ਵੀ ਵਜੂਦ
ਦੀ ਬਾਹਰੀ ਖੂਬਸੂਰਤੀ ਕੋਈ ਮਾਇਨੇ ਨਹੀਂ ਰੱਖਦੀ
ਜਦ ਤੱਕ ਕਿਸੇ ਇਨਸਾਨ ਅੰਦਰ ਕਰੁਣਾ ਦੀ ਤੇ
ਦਿਆਲਤਾ ਦੀ ਭਾਵਨਾ ਨਾ ਹੋਵੇ
ਨਾ ਸਿਰਫ ਇਨਸਾਨ ਲਈ, ਆਪਣੇ ਨਜ਼ਦੀਕੀਆਂ ਲਈ
ਬਲਕਿ ਹਰ ਜੀਵ ਜੰਤੂ ਲਈ ਦਿਆਲੂ ਤੇ ਪ੍ਰੇਮਮਈ
ਭਾਵਨਾ ਹੀ ਅਸਲ ਚ ਸੋਹਣਾਪਨ ਹੈ
ਦੁਵਾਵਾਂ ਦਿਲਾਂ ਚ ਪ੍ਰੇਮ ਤੇ ਕਰੁਣਾ ਲਈ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਇਮਾਨਦਾਰੀ ਤੇ ਸ਼ਰਾਫ਼ਤ  ਵਖਾਵੇ ਵਾਂਗ ਨਹੀਂ ਵਰਤਣੀ
ਚਾਹੀਦੀ ਖਾਸ ਕਰਕੇ ਉਦੋਂ ਜਦੋ ਤੁਹਾਨੂੰ ਪਤਾ ਕੇ ਕੋਈ ਵੇਖ ਰਿਹਾ ਹੈ
ਬਲਕਿ ਇਮਾਨਦਾਰੀ ਦਾ ਮਤਲਬ ਜਿਥੇ ਕੋਈ ਨਹੀਂ ਵੇਖ ਰਿਹਾ ਤੁਸੀਂ
ਓਥੇ ਵੀ ਸੱਚਾਈ ਨਾਲ ਬਿਨਾਂ ਕਿਸੇ ਧੋਖੇ ਤੋਂ ਕੰਮ ਕਰ ਰਹੇ ਹੋ
ਪਿਆਰੇ ਬੱਚਿਓ ਇਸ ਸਮੇਂ ਦੇ ਹਾਲਾਤ ਕਾਰਨ ਤੁਸੀਂ ਆਪਣੇ
ਘਰਾਂ ਚ ਬੈਠੇ ਪੇਪਰਾਂ ਦੀ ਤਿਆਰੀ ਲਈ ਟੈਸਟ ਦੇ ਰਹੇ ਹੋ
ਇਸ ਵਕਤ ਤੁਹਾਨੂੰ ਨਕਲ ਤੋਂ ਰੋਕਣ ਲਈ ਕੋਈ ਅਧਿਆਪਕ
ਤੁਹਾਨੂੰ ਵੇਖ ਨਹੀਂ ਰਿਹਾ
ਇਹ ਅਸਲ ਪ੍ਰੀਖਿਆ ਹੈ
ਇਹ ਤੁਹਾਡੀ ਇਮਾਨਦਾਰੀ ਦੀ ਪ੍ਰੀਖਿਆ ਹੈ
ਉਮੀਦ ਹੈ ਤੁਸੀਂ ਰੂਹ ਦੇ ਇਮਾਨਦਾਰ ਹੋ
ਦੁਵਾਵਾਂ ਹਰ ਤਰ੍ਹਾਂ ਦੀ ਨਕਲ ਤੋਂ ਬਾਹਰ ਆਉਣ ਦੀਆਂ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਜੇਕਰ ਦੂਜਿਆਂ ਚ ਕੁਝ ਪਿਆਰਾ, ਖੂਬਸੂਰਤ ਤੇ
ਚੰਗੇ ਗੁਣਾਂ ਵਾਲਾ ਵੇਖਦੇ ਹਾਂ ਜਾਂ ਸਾਨੂੰ ਨਜ਼ਰ ਆਉਂਦਾ ਤਾਂ
ਇਸਦਾ ਅਰਥ ਅਸੀਂ ਖੁਦ ਆਪਣੇ ਅੰਦਰੋਂ ਇਹਨਾਂ ਗੁਣਾਂ ਵਾਲੇ ਹਾਂ
ਪਰ ਜੇਕਰ ਸਾਨੂੰ ਦੂਜਿਆਂ ਚ ਬਸ ਕਮੀਆਂ ਵੇਖਣ ਦੀ ਆਦਤ
ਤਾਂ ਮਤਲਬ ਕੇ ਸਾਡਾ ਆਪਾ ਔਂਗਣਾਂ ਨਾਲ ਮਲੀਨ ਹੈ
ਸਾਡੇ ਅੰਦਰ ਦੀਆਂ ਕਮੀਆਂ ਹੀ ਦੂਜੇ ਚ ਨਜ਼ਰ ਆ ਰਹੀਆਂ
ਆਓ ਪਿਆਰਿਓ ਤੁਰੀਏ ਉਸ ਸਫ਼ਰ ਵਲ ਕੇ ਹਰ ਸ਼ਖ਼ਸ ਅੱਛਾ ਲੱਗੇ ,
ਸੱਚਾ ਤੇ ਖੂਬਸੂਰਤ ਲੱਗੇ
ਦੁਵਾਵਾਂ ਗੁਣਾਂ ਨਾਲ ਰੋਸ਼ਨ ਹੋਣ ਦੀਆਂ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰੇ
ਪ੍ਰੇਮ
ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਹਰ ਵਕਤ ਆਪਣੇ ਸਰੀਰਿਕ ਕਰਮ, ਮਾਨਸਿਕ ਕਰਮ ਤੇ ਹੋਰ ਵੀ ਹਰ ਵਕਤ ਦੇ
ਵਿਚਾਰਾਂ ਦੇ ਕਾਰਨ ਆਪਣੀ ਜ਼ਿੰਦਗੀ ਨੂੰ ਰੋਜ਼ ਬਣਾ ਰਹੇ ਹਾਂ
ਸਾਡਾ ਜੀਵਨ ਜਿਵੇ ਦਾ ਹੈ ਸਾਡੇ ਆਪਣੇ ਵੱਲੋਂ ਹੀ ਨਿਰੰਤਰ ਉਸਨੂੰ ਬਨਾਇਆ ਜਾ ਰਿਹਾ ਹੈ
ਪਰ ਇਹ ਇੰਨਾ ਅਚੇਤ ਜਾਂ ਸੁੱਤੇ ਸਿਧ ਹੋ ਰਿਹਾ ਕੇ
ਸਾਨੂੰ ਲਗਦਾ ਕਿਸੇ ਹੋਰ ਨੇ ਸਾਡੀ ਕਿਸਮਤ ਬਣਾਈ ਹੈ
ਦੋਸਤੋ ਜੀਵਨ ਕਿੰਜ ਦਾ ਹੋਵੇ ਇਹ ਸਾਡਾ ਚੁਣਾਵ ਹੁੰਦਾ
ਆਪਣੇ ਰੋਜ਼ਾਨਾ ਦੇ ਕੰਮ ਤੇ ਖ਼ਾਸ ਕਰਕੇ ਵਿਚਾਰਾਂ ਤੇ ਧਿਆਨ ਦਿਓ
ਜੀਵਨ ਦੀ ਖੂਬਸੂਰਤੀ ਲਈ ਕਿਸਮਤ ਖੁਦ ਬਣਾਓ
ਜਿਵੇਂ ਦੇ ਵਿਚਾਰ ਉਂਜ ਦੀ ਕਿਸਮਤ
ਦੁਵਾਵਾਂ ਮੌਜ , ਸਕੂਨ ਤੇ ਖੁਸ਼ਹਾਲੀ ਭਰੇ ਜੀਵਨ ਦੀਆਂ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰ ਰਿਹਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਜਦੋ ਅਸੀਂ ਕਿਸੇ ਉਸ ਗੱਲ ਨੂੰ ਮੰਨਣਾ ਸ਼ੁਰੂ ਕਰ ਦੇਂਦੇ ਹਾਂ ਜਿਸਦਾ ਸਾਨੂੰ ਖੁਦ
ਕੋਈ ਅਨੁਭਵ ਨਹੀਂ ਹੋਇਆ ਤਾਂ ਅਸੀਂ ਸੱਚ ਤੋਂ ਦੂਰ ਹੋ ਜਾਂਦੇ ਹਾਂ
ਅਸੀਂ ਕੁਦਰਤ ਦੀ ਸ਼ਕਤੀ, ਰੱਬ, ਜੀਵਨ ਦੇ ਤੱਤ ਨੂੰ ਵੀ
ਸੁਣੇ ਸੁਣਾਏ ਢੰਗਾਂ ਨਾਲ ਹੀ ਮੰਨਿਆ ਹੋਇਆਂ
ਆਓ ਖੁਦ ਅਨੁਭਵ ਕਰੀਏ ਇਸ ਪਰਮ ਸਤਿ ਨੂੰ
ਪਿਆਰਿਓ ਖੁਦ ਨਾਲ ਬੈਠੋ
ਖੁਦ ਨਾਲ ਖੁਦਾ ਹੈ
ਦੁਵਾਵਾਂ ਉਸ ਦਾਤੇ ਨੂੰ ਮਹਿਸੂਸ ਤੇ ਅਨੁਭਵ ਕਰਨ ਦੀਆਂ
ਰੱਬ ਸਭ ਦਾ ਭਲਾ ਕਰ ਰਿਹਾ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਇਸਤਰੀ ਤੱਤ ਬ੍ਰਹਿਮੰਡ ਦਾ ,ਕੁਦਰਤ ਦਾ, ਸਿਰਜਣਾ ਦਾ ਬਾਕਮਾਲ ਤੱਤ
ਜਿਸਦੇ ਬਿਨਾਂ ਕੋਮਲਤਾ , ਭਾਵਨਾਵਾਂ ਨੂੰ ਮਹਿਸੂਸ ਕਰਨ ਦਾ
ਸੁਹਜ ਸੰਭਵ ਨਹੀਂ ਕੁਦਰਤ ਦਾ ਡੂੰਘਾਈ ਚ ਸੰਵੇਦਨਾ, ਕਰੁਣਾ ਨੂੰ
ਅਨੁਭਵ ਕਰਨ ਦਾ ਤਰੀਕਾ ਨਾਰੀ ਤੱਤ
ਰੱਬ ਕਰੇ ਇਸਤਰੀ ਦਾ ਇਹ ਤੱਤ ਬਰਕਰਾਰ ਰਹੇ
ਪਿਆਰੇ ਦੋਸਤੋ ਇਹ ਕੁਦਰਤ ਦਾ ਸੰਤੁਲਨ ਹੈ
ਆਓ ਮਾਣ ਦਈਏ ਕੁਦਰਤ ਦੇ ਇਸ ਸੰਤੁਲਨ ਨੂੰ
ਦੁਵਾਵਾਂ ਧਰਤੀ ਦੇ ਇਸਤਰੀ ਤੱਤ ਵਲੋਂ
ਰੱਬ ਭਲਾ ਕਰੇ ਤੁਹਾਡਾ, ਤੁਹਾਡੇ ਪਰਿਵਾਰ ਦਾ
ਪ੍ਰੇਮ
ਜੀਓ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸਾਨੂੰ ਸਾਡਾ ਨਾਮ, ਜ਼ਾਤ , ਧਰਮ ਆਦਿ ਪੈਦਾ ਹੋਣ ਬਾਅਦ ਮਿਲਦਾ ਹੈ
ਇਹ ਸਭ ਕੁਝ ਰੱਬ ਵਲੋਂ ਨਿਰਧਾਰਤ ਨਹੀਂ
ਬਲਕਿ ਧਰਤੀ ਦੇ ਜੀਵਨ ਪ੍ਰਬੰਧ ਲਈ ਇਨਸਾਨਾਂ ਵਲੋਂ ਹੀ ਬਨਾਇਆ ਗਿਆ ਸੀ
ਅਸੀਂ ਸਾਰੀ ਜ਼ਿੰਦਗੀ ਇਹਨਾਂ ਦੀ ਸੁਰੱਖਿਆ ਕਰਨ ਚ ਗੁਜ਼ਾਰ ਦੇਂਦੇ ਹਾਂ
ਅਗਰ ਪੂਰੀ ਧਰਤੀ ਨਾਲ ,ਜੀਵਨ ਨਾਲ ਤੇ ਸਾਰੀ ਇਨਸਾਨੀਅਤ ਨਾਲ ਜੁੜਨਾ
ਤਾਂ ਪਿਆਰੇ ਦੋਸਤੋ ਇਹਨਾਂ ਸਭ ਤੋਂ ਉਪਰ ਉੱਠਣਾ ਜਰੂਰੀ ਹੈ
ਉਮੀਦ ਹੈ ਅਸੀਂ ਸੱਚਮੁੱਚ ਸਭ ਨਾਲ ਏਕਤਾ ਚਾਹੁੰਦੇ ਹੋਵਾਂਗੇ
ਦੁਵਾਵਾਂ ਸਾਰੀ ਧਰਤੀ ਨਾਲ ,ਜ਼ਿੰਦਗੀ ਨਾਲ ਪ੍ਰੇਮ ਹੋ ਜਾਣ ਦੀਆਂ
ਰੱਬ ਸਭ ਦਾ ਭਲਾ ਕਰ ਰਿਹਾ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਆਮ ਤੌਰ ਤੇ ਭਵਿੱਖ ਨੂੰ ਸੋਚਦਿਆਂ ਜਾਂ ਗੁਜ਼ਰ ਚੁੱਕੀਆਂ
ਗੱਲਾਂ ਨੂੰ ਸੋਚਦਿਆਂ ਜੀਅ ਰਹੇ ਹੁੰਦੇ ਹਾਂ
ਜਿਸ ਕਾਰਨ ਅਸੀਂ ਸਿਰਫ ਸੋਚਾਂ ਚ ਰਹਿ ਰਹੇ ਹੁੰਦੇ ਹਾਂ
ਜੀਅ ਨਹੀਂ ਰਹੇ ਹੁੰਦੇ
ਪਿਆਰੇ ਦੋਸਤੋ ਜੀਵਨ ਦਾ ਮਤਲਬ 'ਹੁਣ ' 'ਅੱਜ ' ਹੈ
ਇਕ ਵਾਰ ਸਿਰਫ ਆਉਂਦੇ ਜਾਂਦੇ ਸਾਹਾਂ ਤੇ ਧਿਆਨ ਦੇਣਾ,
ਤੁਹਾਨੂੰ ਅੱਜ ਮਹਿਸੂਸ ਹੋਵੇਗਾ
ਜ਼ਿੰਦਗੀ ਬਾਰੇ ਸੋਚਣਾ ਨਹੀਂ ਜੀਣਾ ਹੈ
ਦੁਵਾਵਾਂ ਹਰ ਪਲ ਚ ਹਾਜ਼ਿਰ ਰਹਿਣ ਦੀਆਂ
ਰੱਬ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਭਲਾ ਕਰ ਰਿਹਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਜਾਂ ਤਾਂ ਦੂਸਰਿਆਂ ਬਾਰੇ ਗੱਲਾਂ ਕਰ ਸਕਦੇ ਹਾਂ ਜਾਂ
ਫਿਰ ਸਭ ਨਾਲ ਇਕ ਹੋ ਸਕਦੇ ਹਾਂ
ਸਾਨੂੰ ਜਦ ਤੱਕ ਗੱਪਾਂ ਮਾਰਨ ਦੀ ਜਾਂ ਫਿਰ ਦੂਜਿਆਂ
ਬਾਰੇ ਗੱਲਾਂ ਕਰਨ ਦੀ ਆਦਤ ਉਦੋਂ ਤੱਕ ਕਿਸੇ ਕਿਸਮ ਦੀ ਏਕਤਾ
ਸੰਭਵ ਨਹੀਂ
ਬਲਕਿ ਖੁਦ ਨਾਲ ਵੀ ਇਕ ਨਹੀਂ ਹੋਇਆ ਜਾ ਸਕਦਾ
ਆਓ ਪਿਆਰਿਓ ਹੁਣ ਇਕ ਹੋਣ ਵੱਲ ਤੁਰੀਏ
ਦੁਵਾਵਾਂ ਸ਼ਾਨਦਾਰ ਇਨਸਾਨ ਹੋਣ ਦੀਆਂ
ਰੱਬ ਸਭ ਦਾ ਭਲਾ ਕਰ ਰਿਹਾ ਮਿੱਤਰੋ
ਜੀਓ
ਪ੍ਰੇਮ


Inside nobody is black
and nobody is white.
Inside there are no colors.
Inside it is luminous,
pure light and silence.

-osho

ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਕੁਝ ਸੱਭਿਅਤਾਵਾਂ ਦੀ ਖੁਦਗਰਜ਼ੀ ਤੇ ਲਾਲਚ ਨੇ ਲੋਕਾਂ ਵਿੱਚ ਰੰਗ, ਨਸਲ,
ਜ਼ਾਤੀ ਵਰਗੇ ਭੇਦਭਾਵ ਫੈਲਾਏ ਤੇ ਆਪਣੇ ਮਤਲਬ ਪੂਰੇ ਕੀਤੇ
ਅਫ਼ਸੋਸ ਕੇ ਅਸੀਂ ਸਭ ਇਹਨਾਂ ਚਾਲਾਂ ਦਾ ਸ਼ਿਕਾਰ ਹੋ ਗਏ
ਅੱਜ ਸਾਡੇ ਲਈ ਉੱਤਮ ਤੇ ਖ਼ੂਬਸੂਰਤ ਦੇ ਅਰਥ ਸਿਰਫ਼
ਬਾਹਰੋਂ ਦਿੱਸਦੀ ਚਮੜੀ ਦੇ ਹੀ ਰਹਿ ਗਏ
ਇਸ ਨਜ਼ਰੀਏ ਨਾਲ ਇਨਸਾਨਾਂ ਨੂੰ ਵੇਖਣਾ ਕਰੂਰਤਾ ਹੈ
ਇਹ ਤੰਗ ਸੋਚ ਦਾ ਨਤੀਜਾ ਹੈ
ਪਿਆਰਿਓ ਅਗਰ ਸੱਚਮੁੱਚ ਅਸੀਂ ਤਰੱਕੀ ਦੇ ਰਸਤੇ ਤੇ ਹਾਂ ਤਾਂ
ਸਾਡੇ ਲਈ ਰੰਗ ਨਸਲ ਦੇ ਕੋਈ ਮਾਇਨੇ ਨਹੀਂ
ਆਓ ਹਰ ਇਨਸਾਨ ਨੂੰ ਉਸਦੇ ਅੰਦਰ ਦੀ ਰੋਸ਼ਨੀ ਤੋਂ ਵੇਖੀਏ
ਜੋ ਜਿਵੇਂ ਦੀ ਆਪਣੇ ਅੰਦਰ ,ਉਂਜ ਦੀ ਦੂਜੇ ਅੰਦਰ
ਦੁਵਾਵਾਂ ਕੇ ਹਰ ਨਜ਼ਰ ਇਨਸਾਨਾਂ ਅੰਦਰ ਵਸਦੀ ਰੋਸ਼ਨੀ ਵੇਖਣ ਦੇ ਕਾਬਿਲ ਹੋਵੇ
ਦੁਵਾਵਾਂ ਕੇ ਉੱਚੇ ਨੀਵੇਂ ਦੇ ਫ਼ਰਕ ਮਿੱਟਣ
ਦੁਵਾਵਾਂ ਜੀਣ ਦੀ ਜਾਚ ਆਏ
ਰੱਬ ਸਭ ਦਾ ਭਲਾ ਕਰ ਰਿਹਾ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਗਰ ਸਾਨੂੰ ਜਿਵੇਂ ਦਾ ਆਪਣਾ ਦਰਦ ਮਹਿਸੂਸ ਹੁੰਦਾ
ਜਿਵੇ ਦਾ ਆਪਣੇ ਸਰੀਰ ਦਾ ਫ਼ਿਕਰ ਹੁੰਦਾ ਉਂਜ ਦਾ ਹੀ
ਇਸ ਧਰਤੀ ਦੀ ਹਰ ਚੀਜ਼ ਤੇ ਜੀਵ ਜੰਤੂ ਦਾ ਫ਼ਿਕਰ ਹੋਵੇ ਤਾਂ
ਅਸੀਂ ਆਪਣੇ ਆਪ ਹੀ ਸਭ ਕੁਝ ਠੀਕ ਰੱਖਾਂਗੇ
ਸਿਰਫ ਆਪਣੀ ਹੀ ਪੀੜ ਮਹਿਸੂਸ ਹੋਣ ਦਾ ਅਰਥ
ਅਸੀਂ ਜੀਵਨ ਨੂੰ ਬੜਾ ਨਿੱਕਾ, ਤੁੱਛ, ਤੇ ਸੀਮਿਤ ਜਾਣਿਆ
ਜੀਵਨ ਓਨਾ ਹੀ ਸਾਡੇ ਚ ,ਓਨਾ ਹੀ ਰੁੱਖ, ਪਹਾੜ, ਪਸ਼ੂ ਤੇ ਪੰਛੀਆਂ ਚ ਹੈ
ਸਭ ਕੁਝ ਨੂੰ ਮਾਣ ਦੇਣਾ , ਪਰਮਾਤਮਾ ਨੂੰ ਮਹਿਸੂਸ ਕਰਨਾ ਹੈ
ਦੁਵਾਵਾਂ ਪੂਰੇ ਜੀਵਨ ਨਾਲ ਜੁੜਣ ਦੀਆਂ
ਰੱਬ ਸਭ ਦਾ ਭਲਾ ਕਰ ਰਿਹਾ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਇਨਸਾਨ ਦੀ ਸੋਚ , ਸਮਝ ਤੇ ਵਿਚਾਰ ਚ ਇਕ ਲਚਕੀਲਾਪਨ ਹੋਣਾ
ਬੇਹੱਦ ਜ਼ਰੂਰੀ ਹੈ ਜੋ ਨਵੀਂ ਸੋਚ ਨੂੰ, ਸਮਝ ਨੂੰ ਤੇ ਸਮੇਂ ਦੇ ਬਦਲਾਵ ਨੂੰ ਕਬੂਲ ਕਰ ਸਕੇ ।
ਆਪਣੀ ਸਮਝ ਤੇ ਅੜੇ ਰਹਿਣ ਦੀ ਕੱਟੜਤਾ ਕਦੀ
ਜਾਗਰੂਕ ਹੋਣ ਵਲ ਨਹੀਂ ਤੋਰਦੀ
ਆਓ ਪਿਆਰਿਓ
ਇਸ ਬ੍ਰਹਿਮੰਡ ਨੂੰ ਖੁੱਲ੍ਹੇ ਦਿਲ ਤੇ ਖੁੱਲ੍ਹੀ ਨਜ਼ਰ ਨਾਲ ਵੇਖੀਏ
ਹਰ ਵਕਤ ਨਵੇਂ ਰੰਗ ਕਰਤੇ ਦੇ ,
ਵੇਖਣ ਲਈ ਜਰਾ ਅਸੀਂ ਵੀ ਆਪਣੇ ਆਪ ਨੂੰ ਆਸਾਨ ਬਣਾ ਲਈਏ
ਦੁਵਾਵਾਂ ਜ਼ਿੰਦਗੀ ਨੂੰ ਮਾਨਣ ਦੀਆਂ
ਰੱਬ ਸਭ ਭਲਾ ਕਰ ਰਿਹਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਜਦੋ ਵੀ ਆਪਣੇ ਰਿਸ਼ਤੇ ,ਖੁਸ਼ੀਆਂ, ਬੱਚੇ,ਤੇ ਸਮਾਨ ਨੂੰ
ਵਖਾਵੇ ਵਜੋਂ ਵਰਤਣਾ ਸ਼ੁਰੂ ਕਰ ਦੇਂਦੇ ਹਾਂ ਤਾਂ ਉਸੇ ਵਕਤ
ਜ਼ਿੰਦਗੀ ਚੋਂ ਉਸਦਾ ਮਹੱਤਵ ਘਟਣਾ ਸ਼ੁਰੂ ਹੋ ਜਾਂਦਾ ਹੈ
ਪਿਆਰੇ ਦੋਸਤੋ ਭੋਜਨ ਸਰੀਰ ਦੀ ਖੁਰਾਕ ਤੇ ਪਰਮਾਤਮਾ ਦਾ
ਦਰਜਾ ਰੱਖਦਾ ਪਰ ਅਸੀਂ ਭੋਜਨ ਨੂੰ ਵੀ ਵਖਾਵੇ ਵਾਂਗ
ਸੋਸ਼ਲ ਮੀਡੀਆ ਤੇ ਵਰਤਣਾ ਸ਼ੁਰੂ ਕਰ ਦਿੱਤਾ
ਜਿੰਨਾ ਸਾਡੀ ਨਿੱਜੀ ਜ਼ਿੰਦਗੀ ਫ਼ੋਨ ਰਾਹੀਂ ਤੇ ਹੋਰ
ਸੋਸ਼ਲ ਮੀਡੀਆ ਤਕਨੀਕ ਰਾਹੀਂ ਦੂਜਿਆਂ ਤੱਕ ਪਹੁੰਚੀ
ਓਨੀ ਹੀ ਅਸਲ ਖੁਸ਼ੀ ਤੋਂ ਦੂਰੀ ਵਧੀ
ਆਪਣੀ ਪਿਆਰ ਭਰੀ ਜ਼ਿੰਦਗੀ ਨੂੰ ਧਿਆਨ ਖਿੱਚਣ
ਲਈ ਵਰਤਣਾ ਜੀਵਨ ਪ੍ਰਤੀ ਨਾਸਮਝੀ ਹੈ
ਆਓ ਪਿਆਰਿਓ ਆਪਣੇ ਲਈ ਖੁਸ਼ੀਆਂ ਮਾਣੀਏ ,
ਨਾ ਕਿ ਫ਼ੋਨ ਦੀ ਸਕਰੀਨ ਲਈ
ਦੁਵਾਵਾਂ ਖ਼ੁਸ਼ਹਾਲ ਜੀਵਨ ਦੀਆਂ
ਰੱਬ ਸਭ ਭਲਾ ਕਰ ਰਿਹਾ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਕਿਸੇ ਵਿਚਾਰ ਨੂੰ, ਸੋਚ ਨੂੰ ਅੰਤਿਮ ਮੰਨ ਲੈਣਾ ਤੇ ਉਸ
ਪ੍ਰਤੀ ਪੱਕੇ ਹੋ ਜਾਣਾ ਅਗਿਆਨਤਾ ਹੈ
ਸਭ ਕੁਝ ਹਰ ਪਲ ਇੰਨਾ ਨਵਾਂ ਹੈ ਕੇ ਅਸੀਂ
ਕਿਸੇ ਗੱਲ ਤੇ ਰੁਕੇ ਨਹੀਂ ਰਹਿ ਸਕਦੇ ਹਾਂ
ਇਸ ਨਿਤ ਨਵੇਂ ਨਾਲ, ਇਸ ਬਾਕਮਾਲ ਕੁਦਰਤ ਨਾਲ
ਇਕਮਿਕ ਜ਼ਰੂਰ ਹੋਇਆ ਜਾ ਸਕਦਾ
ਉਮੀਦ ਹੈ ਇਸ ਇਕਮਿਕਤਾ ਲਈ ਖੁਦ ਨੂੰ ਰੋਜ਼ ਮਿਲਦੇ ਹੋਵੋਗੇ
ਖੁਦ ਨਾਲ ਬੈਠਦੇ ਹੋਵੋਗੇ
ਦੁਵਾਵਾਂ ਤੁਹਾਡੇ ਹੱਸਦੇ ਵੇਹੜਿਆਂ ਲਈ
ਰੱਬ ਸਭ ਭਲਾ ਕਰ ਰਿਹਾ
ਜੀਓ ਪਿਆਰਿਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਜ਼ਿੰਦਗੀ ਦਾ ਮਕਸਦ ਕੋਈ ਬੜੇ ਵੱਡੇ
ਮਹਾਨ ਕੰਮ ਕਰਨ ਚ ਨਹੀਂ
ਬਲਕਿ ਇਸਦੇ ਅਰਥ ਆਪਣੇ ਰੋਜ਼ਮਰਾ ਦੇ ਨਿੱਕੇ ਨਿੱਕੇ ਕੰਮ ,
ਆਪਣੇ ਜੀਣ ਦੇ ਤਰੀਕੇ , ਆਪਣੇ ਹਿੱਸੇ ਆਏ ਕਿਸੇ ਵੀ ਫਰਜ਼ ਨੂੰ
ਪ੍ਰੇਮ ਪੂਰਕ ਢੰਗ ਨਾਲ ਕਰਨ ਵਿਚ ਹਨ
ਤੁਹਾਡੀ ਪੜ੍ਹਾਈ , ਪਰਿਵਾਰ, ਨੌਕਰੀ, ਇਨਸਾਨਾਂ ਤੇ ਹੋਰ
ਸਾਰੇ ਜੀਵਨ ਪ੍ਰਤੀ ਪ੍ਰੇਮਮਈ ਹੋਣ ਨਾਲ ਵੀ ਸਭ ਕੁਝ ਸ਼ਾਨਦਾਰ ਹੋ ਜਾਵੇਗਾ
ਦੁਵਾਵਾਂ ਜ਼ਿੰਦਗੀ ਨਾਲ ਪ੍ਰੇਮ ਹੋ ਜਾਣ ਦੀਆਂ
ਰੱਬ ਸਭ ਭਲਾ ਕਰ ਰਿਹਾ
ਜੀਓ ਪਿਆਰਿਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਸਭ ਜੀਵਨ ਹਾਂ ਤੇ ਸਾਡਾ ਇਸ ਧਰਤੀ ਤੇ ਹੋਣ ਦਾ
ਅਰਥ ਸਿਰਫ ਜੀਵਨ ਨੂੰ ਪੂਰੀ ਜਾਗਰੂਕਤਾ ਨਾਲ
ਜੀਣਾ ਤੇ ਇਸਦੀ ਸੇਵਾ ਕਰਨਾ ਹੈ
ਇਸਦੇ ਹਰ ਰੂਪ,ਹੋਂਦ ਤੇ ਖੁਦ ਪ੍ਰਤੀ ਸਨਮਾਨ ਤੇ ਸੇਵਾ
ਪਰੰਤੂ ਸਮੱਸਿਆ ਇਹ ਕੇ ਅਸੀਂ ਹਰ ਇਕ ਨੇ ਇਸ
ਧਰਤੀ ਤੇ ਆਪਣੀ ਆਪਣੀ ਜ਼ਿੰਦਗੀ ਵੱਖਰੀ ਲਾ ਲਈ ਤੇ
ਆਪਣੇ ਨਿੱਜੀ ਮਕਸਦ ਵੀ ਬਣਾ ਲਏ
ਸਾਰੇ ਦੁੱਖ ਤਕਲੀਫ਼ ਦਾ ਕਾਰਨ ਹੀ ਇਹ ਹੈ
ਪਿਆਰਿਓ ਏਥੇ ਕਿਸੇ ਦੀ ਜ਼ਿੰਦਗੀ ਕੱਲਿਆ ਨਹੀਂ
ਤੇ ਕਿਸੇ ਨੂੰ ਆਪਣੇ ਮਕਸਦ ਬਨਾਉਣ ਦੀ ਇਜਾਜ਼ਤ ਨਹੀਂ
ਸਾਰਿਆਂ ਲਈ ਜੀਓ
ਸਾਰਿਆਂ ਨਾਲ ਜੀਓ
ਫਿਰ ਹੀ ਜੀਵਨ ਤੁਹਾਡੇ ਰਾਹੀਂ ਪੂਰੀ ਸਮਰੱਥਾ ਚ ਪ੍ਰਗਟ ਹੋਊ
ਦੁਵਾਵਾਂ ਸਭ ਨਾਲ ਸਾਂਝ ਤੇ ਸਾਥ ਦੀਆਂ
ਰੱਬ ਸਭ ਭਲਾ ਕਰ ਰਿਹਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸਾਡੇ ਜੀਵਨ ਦੀ ਗੁਣਵਤਾ ਪੈਸੇ ਧੇਲੇ ਜਾਂ ਆਰਥਿਕਤਾ ਤੇ
ਨਿਰਭਰ ਨਹੀਂ ਬਲਕਿ ਸੋਹਣਾ ਜੀਵਨ ਜੀਣ ਲਈ
ਇਸ ਗ੍ਰਹਿ ਦਾ ਤੰਦਰੁਸਤ ਰਹਿਣਾ ਜਿਆਦਾ ਜ਼ਰੂਰੀ ਹੈ
ਪਿਆਰਿਓ ਵਕ਼ਤ ਹੈ ਹੁਣ ਕੇ ਅਸੀਂ ਰੁੱਖ ,ਪਾਣੀ ਤੇ ਹਵਾ ਪ੍ਰਤੀ ਚੇਤੰਨ ਹੋ ਜਾਈਏ
ਉਮੀਦ ਹੈ ਸਾਨੂ ਸਭ ਤੋਂ ਮਹੱਤਵਪੂਰਨ ਇਸ ਗ੍ਰਹਿ ਨੂੰ ਚੰਗੀ
ਹਾਲਾਤ ਚ ਰੱਖਣਾ ਲਗਦਾ ਹੋਵੇਗਾ
ਦੁਵਾਵਾਂ ਚੰਗੀ ਸਿਹਤ ਦੀਆਂ
ਦੁਵਾਵਾਂ ਇਸ ਧਰਤੀ ਦੀ ਸਿਹਤ ਵੱਲ ਜਾਗਰੂਕ ਹੋਣ ਦੀਆਂ
ਰੱਬ ਸਭ ਭਲਾ ਕਰ ਰਿਹਾ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਧਿਆਨ ਜੀਵਨ ਪ੍ਰਤੀ ਏਕਤਾ, ਸ਼ਾਂਤੀ ਤੇ ਪ੍ਰੇਮ ਜਗਾਉਂਦਾ
ਸਾਡੀ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਸਮਸਿਆਵਾਂ ਦਾ ਹੱਲ ਧਿਆਨ ਹੈ
ਦੋਸਤੋ ਅਗਰ ਸਾਡੀ ਧਰਤੀ ਦੀ ਕੁੱਲ ਵੱਸੋਂ ਦਾ ਬਸ ਇਕ
ਪ੍ਰਤੀਸ਼ਤ ਵੀ ਧਿਆਨ ਲਾਵੇ ਤਾਂ ਇਹ ਦੁਨੀਆਂ ਬਿਲਕੁਲ
ਅਲੱਗ ਜਗ੍ਹਾ ਨਜ਼ਰ ਆਵੇ
ਇਸ ਗ੍ਰਹਿ ਦੀ ਖ਼ੁਸ਼ਹਾਲੀ ਦਾ ਤਰੀਕਾ ਧਿਆਨ ਹੈ
ਸਾਡੀ ਸਭ ਦੀ ਖੁਸ਼ਹਾਲੀ ਹੀ ਇਸ ਗ੍ਰਹਿ ਦੀ ਖੁਸ਼ੀ ਹੈ
ਉਮੀਦ ਹੈ ਪਿਆਰਿਓ ਤੁਸੀਂ ਕੁਝ ਵਕ਼ਤ ਲਈ ਚੁਪ , ਸ਼ਾਂਤ ,
ਤੇ ਸਾਹਾਂ ਤੇ ਧਿਆਨ ਦੇਂਦੇ ਜਰੂਰ ਬੈਠਦੇ ਹੋਵੋਗੇ
ਦੁਵਾਵਾਂ ਤੁਹਾਡੇ ਅੰਦਰ ਸ਼ਾਂਤੀ ਤੇ ਆਨੰਦ ਜਾਗਣ ਦੀਆਂ
ਜੀਓ ਮਿੱਤਰ ਪਿਆਰਿਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸਲ ਵਿਚ ਅਸੀਂ ਖੁਦ ਨੂੰ ਜਾਂ ਕਿਸੇ ਦੂਸਰੇ ਨੂੰ ਜਦੋਂ ਵੀ ਸਰੀਰਕ ਜਾਂ
ਮਾਨਸਿਕ ਨੁਕਸਾਨ ਪਹੁੰਚਾਉਂਦੇ ਹਾਂ ਤਾਂ ਉਸ ਦਾ ਮਤਲਬ ਅਸੀਂ ਕ੍ਰੋਧ ਵਿਚ ਹਾਂ
ਬੇਸ਼ੱਕ ਜੀਵਨ ਨੂੰ ਜਾਣਨ ਲਈ ਸਾਨੂੰ ਸੰਘਰਸ਼ ਦਾ ਸਾਹਮਣਾ ਕਰਨਾ ਪੈਂਦਾ
ਪਰ ਇਹ ਸੰਘਰਸ਼ ਸਾਨੂੰ ਹੋਰ ਅੰਦਰੋਂ ਪੂਰੀ ਡੂੰਘਾਈ ਚੋ ਖੁਦ ਨੂੰ ਲੱਭਣ
ਲਈ ਮਿਲਿਆ ਹੁੰਦਾ ਉਸਦਾ ਸੋਹਣਾ ਇਸਤੇਮਾਲ ਕਰੋ
ਕੁਝ ਵੀ ਨਿਰਾਸ਼ ਕਰਦਾ ਲੱਗੇ ਤੇ ਖੁਦ ਨੂੰ ਯਾਦ ਕਰਾਓ ਕੇ ਇਹ ਸਿਰਫ ਸਾਧਨ
ਹੈ,
ਢੰਗ ਤਰੀਕਾ ਹੈ ਮੈਨੂੰ ਮੇਰੇ ਨਾਲ ਮਿਲਵਾਉਣ ਦਾ
ਰੂਪਾਂਤਰਣ ਕਰਨ ਦਾ
ਪਿਆਰਿਓ ਅਸਲੀ ਯੋਧਾ ਕਦੀ ਕ੍ਰੋਧ ਚ ਨਹੀਂ ਆਉਂਦਾ
ਦੁਵਾਵਾਂ ਜੀਣ ਦੀਆਂ
ਸਾਹਾਂ ਤੇ ਧਿਆਨ ਦਿਉ
ਰੱਬ ਸਭ ਭਲਾ ਕਰ ਰਿਹਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਅਗਰ ਜ਼ਿੰਦਗੀ ਨੂੰ ਸਿਰਫ ਸਿੱਖਣ, ਜਾਨਣ ਤੇ ਜੀਣ ਦੇ ਨਜ਼ਰੀਏ
ਨਾਲ ਵੇਖੀਏ ਤਾਂ ਕਦੀ ਵੀ ਕੋਈ ਹਾਲਾਤ, ਇਨਸਾਨ ਜਾਂ
ਨਾਕਾਮਯਾਬੀ ਸਾਨੂੰ ਦੁਖੀ ਨਹੀਂ ਕਰ ਸਕਦੀ
ਜੀਵਨ ਨੂੰ ਜਾਨਣ , ਸਿੱਖਣ ਤੇ ਜੀਣ ਲਈ ਜੀਓ ...
ਜਿੱਤਣ ਲਈ ਨਹੀਂ
ਕਿਤੇ ਕੋਈ ਮੁਕਾਬਲਾ ਨਹੀਂ, ਦੌੜ ਨਹੀਂ ਹੈ
ਇਹ ਸਿਰਫ ਚੇਤਨਾ ਦਾ , ਜਾਗਰੂਕਤਾ ਦਾ ਸਫ਼ਰ ਹੈ
ਜ਼ਿੰਦਗੀ ਹਮੇਸ਼ਾ ਖ਼ੂਬਸੂਰਤ ਹੈ
ਦੁਵਾਵਾਂ ਤੁਹਾਡੇ ਚਿਹਰਿਆਂ ਦੀ ਮੁਸਕੁਰਾਹਟ ਲਈ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਜਿੰਨਾਂ ਚੀਜ਼ਾਂ ਬਾਰੇ ਗੱਲਾਂ ਕਰੀ ਜਾਵਾਂਗੇ
ਜ਼ਿੰਦਗੀ ਚ ਓਹੋ ਹੀ ਵਧਣਗੀਆਂ
ਅਕਸਰ ਅਸੀਂ ਆਦਤਨ ਹੀ ਆਪਣੀਆਂ ਘਰੇਲੂ ਪ੍ਰੇਸ਼ਾਨੀਆਂ ,
ਮੁਸ਼ਕਿਲਾਂ ਜਾਂ ਫਿਰ ਬਿਮਾਰੀਆਂ ਦਾ ਬਹੁਤ ਜ਼ਿਕਰ ਕਰਦੇ ਰਹਿੰਦੇ ਹਾਂ
ਜਦਕਿ ਜ਼ਿੰਦਗੀ ਚ ਸ਼ੁਕਰ ਕਰਨ ਵਾਲਾ ਵੀ ਬੜਾ ਕੁਝ ਹੈ
ਤੇ ਉਸ ਸ਼ੁਕਰ ਕਰਨ ਵਾਲੀਆਂ ਗੱਲਾਂ ਦਾ ਜ਼ਿਕਰ ਤੁਹਾਡੇ
ਅੰਦਰ ਹੋਰ ਰੱਬੀ ਕਿਰਪਾ ਨੂੰ ਰੋਸ਼ਨ ਕਰੇਗਾ
ਪਿਆਰਿਓ ਜੋ ਚੰਗਾ ਉਸ ਬਾਰੇ
ਵੀ ਗੱਲ ਕਰੋ ਸ਼ੁਕਰ ਕਰੋ
ਦੁਵਾਵਾਂ ਤੁਹਾਡੇ ਸਭ ਦੇ ਖੂਬਸੂਰਤ ਜੀਵਨ ਲਈ
ਰੱਬ ਸਭ ਭਲਾ ਕਰ ਰਿਹਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਹਰ ਰੋਜ਼ ਸਵੇਰੇ ਜਾਗ ਜਾਣਾ ਵੀ ਜੀਵਨ ਦੀ,
ਰੱਬ ਦੀ ਕਿਰਪਾ ਹੈ
ਰੋਜ਼ਾਨਾ ਬਹੁਤ ਸਾਰੇ ਲੋਕ ਅਗਲੀ ਸਵੇਰ ਜਾਗਣ ਤੋਂ ਪਹਿਲਾਂ ਹੀ
ਇਸ ਧਰਤ ਤੋਂ ਤੁਰ ਜਾਂਦੇ ਹਨ
ਪਿਆਰਿਓ ਸਵੇਰੇ ਉਠਕੇ ਆਪਣੇ ਲਈ, ਆਪਣੇ ਪਿਆਰਿਆ ਲਈ ,
ਓਹਨਾ ਦੇ ਸਾਥ ਤੇ ਜ਼ਿੰਦਗੀ ਲਈ ਸ਼ੁਕਰੀਆ ਅਦਾ ਕਰੋ
ਹਰ ਦਿਨ ਇੰਜ ਜੀਊ ਜਿਵੇ ਇਹੋ ਦਿਨ ਹੈ ਬਸ ।
ਜੋ ਇਸ ਜੀਵਨ ਲਈ ਸਭ ਤੋਂ ਜ਼ਿਆਦਾ ਜ਼ਰੂਰੀ ਉਹ ਕੰਮ ਕਰੋ
ਜਾਣੋ ਖੁਦ ਨੂੰ
ਜੀਓ ਖੁਦ ਨੂੰ
ਦੁਵਾਵਾਂ ਚੇਤਨਾ ਦੇ ਸਫ਼ਰ ਤੇ ਤੁਰਨ ਦੀਆਂ
ਰੱਬ ਸਭ ਭਲਾ ਕਰ ਰਿਹਾ
ਜੀਓ ਪਿਆਰੇ ਦੋਸਤੋ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸ਼ਾਨਦਾਰ ਇਨਸਾਨ ਬਨਣ ਦਾ ਪਹਿਲਾ ਕਦਮ ਆਪਣੀ
ਜ਼ਿੰਦਗੀ ਦੀ ਜ਼ਿੰਮੇਵਾਰੀ ਲਓ
ਅਸੀਂ ਜਿਸ ਵੀ ਹਾਲਾਤ ਚ ਹਾਂ ਆਪਣੀਆਂ ਹੀ ਭਾਵਨਾਵਾਂ, ਸੋਚਾਂ ,
ਵਿਚਾਰਾਂ ਤੇ ਕੰਮਾਂ ਕਰਕੇ ਹਾਂ
ਕੋਈ ਦੂਜਾ, ਕਿਸਮਤ ਜਾਂ ਰੱਬ ਜ਼ਿਮੇਵਾਰ ਨਹੀਂ ਹੈ
ਤੇ ਕਮਾਲ ਕਰਮ ਕੁਦਰਤ ਦਾ ਦੋਸਤੋ ਕੇ ਜਿਸ ਦਿਨ ਤੋਂ ਖੁਦ ਨੂੰ
ਜ਼ਿਮੇਵਾਰ ਮੰਨ ਲਿਆ ਓਸੇ ਦਿਨ ਤੋਂ ਬਦਲਾਵ ਸ਼ੁਰੂ
ਸਭ ਕੁਝ ਸਾਡੇ ਅੰਦਰ ਹੈ ਬਸ ਧਿਆਨ ਦੇਵੋ ਕਿੰਜ ਦੀ ਜ਼ਿੰਦਗੀ ਚਾਹੁੰਦੇ ਹੋ
ਦੁਵਾਵਾਂ ਹਰ ਇਨਸਾਨ ਨੂੰ ਉਸਦੇ ਪਿਆਰੇ ਰੂਪ ਨਾਲ ਮਿਲਣ ਦੀਆਂ
ਰੱਬ ਸਭ ਭਲਾ ਕਰ ਰਿਹਾ
ਜੀਓ
ਪ੍ਰੇਮ ਦੋਸਤੋ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਖੁਦ ਨੂੰ ਖਾਸ, ਉੱਤਮ ਜਾਂ ਸਭ ਤੋਂ ਅਲੱਗ ਬਣਾਉਣ ਤੇ ਸਮਝਣ
ਦੀ ਚਾਹ ਅਸਲ ਚ ਹੰਕਾਰ ਦੀ ਉਪਜ ਹੈ ।
ਜੋ ਖੁਦ ਨੂੰ ਸਾਧਾਰਨ, ਸਾਦਾ ਤੇ ਸਭ ਨਾਲ ਏਕਤਾ ਚ ਵੇਖਦਾ
ਉਹ ਆਪਣੇ ਆਪ ਹੀ ਸ਼ਾਨਦਾਰ ਇਨਸਾਨ ਬਣ ਜਾਂਦਾ
ਜਿਸ ਚ ਖਾਸ ਹੋਣ ਦਾ ਕੋਈ ਹੰਕਾਰ ਨਹੀਂ ਹੁੰਦਾ ਸਗੋਂ
ਹੋਰ ਜਿਆਦਾ ਸਭ ਇਨਸਾਨਾਂ ਨਾਲ ਇਕਮਿਕਤਾ ਤੇ ਪ੍ਰੇਮ ਦੀ ਭਾਵਨਾ ਹੁੰਦੀ
ਪਿਆਰਿਓ ਆਓ ਖੁਦ ਨੂੰ ਖਾਸ ਸਮਝਣ ਦੇ ਹੰਕਾਰ ਤੋਂ ਬਾਹਰ ਆਈਏ
ਧਰਤੀ ਤੇ ਸਭ ਕੁਝ ਖਾਸ ਹੈ
ਤੇ ਸਭ ਕੁਝ ਆਮ ਹੈ
ਇਸ ਸਾਰੇ ਜੀਵਨ ਨਾਲ ਜੁੜੋ
ਦੁਵਾਵਾਂ ਜੀਵਨ ਦੀ ਸਾਦਗੀ ਦੇ ਜਾਗਣ ਦੀਆਂ
ਰੱਬ ਸਭ ਭਲਾ ਕਰ ਰਿਹਾ
ਜੀਓ
ਪ੍ਰੇਮ ਦੋਸਤੋ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਤੀਤ ਜਾਂ ਬੀਤੇ ਵਕ਼ਤ ਨੂੰ ਸੋਚੀ ਜਾਣ ਵਾਲਾ ਦੁਖੀ ਹੋਵੇਗਾ
ਭਵਿੱਖ ਬਾਰੇ ਚਿੰਤਾ ਕਰਨਾ ਜਾਂ ਸੋਚਣਾ ਵੀ ਪ੍ਰੇਸ਼ਾਨ ਕਰੇਗਾ
ਸਭ ਤੋਂ ਖ਼ੂਬਸੂਰਤ ਇਹ ਪਲ , ਇਹ ਵਕ਼ਤ , ਇਹ ਹੁਣ ਦਾ ਸਮਾਂ
ਅੱਗੇ ਤੇ ਪਿੱਛੇ ਦੀ ਸੋਚ ਛੱਡੋ
ਜੀਓ ਇਸ ਪਲ ਚ
ਇੰਜ ਇਕ ਇਕ ਪਲ ਤੁਸੀਂ ਖ਼ੁਦ ਸੁਖਦ ਬਣਾ ਸਕਦੇ ਹੋ
ਰੱਬ ਤੁਹਾਡੇ ਨਾਲ ਹੈ ਪਿਆਰਿਓ
ਬਾਹਰ ਆਓ ਹਰ ਫ਼ਿਕਰ ਚੋਂ
ਦੁਵਾਵਾਂ ਖ਼ੂਬਸੂਰਤ ਜ਼ਿੰਦਗੀ ਦੀਆਂ
ਰੱਬ ਸਭ ਭਲਾ ਕਰ ਰਿਹਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਕੋਈ ਇਨਸਾਨ ਆਪਣੀ ਜ਼ਿੰਦਗੀ ਆਪਣੀ ਸਮਝ ਤੇ ਚੇਤਨਾ ਨਾਲ ਬਣਾਉਂਦਾ ਹੈ ।
ਤੁਸੀਂ ਅਗਰ ਓਹਨੂੰ ਆਦਰਸ਼ ਮੰਨਕੇ ਜ਼ਿੰਦਗੀ ਨੂੰ ਓਹਦੇ ਰਸਤੇ
ਤੇ ਚਲਾਓਗੇ ਤਾਂ ਉਹ ਤੁਹਾਡੀ ਜ਼ਿੰਦਗੀ ਨਹੀਂ ਹੋਊ
ਉਂਜ ਵੀ ਅੱਜਕਲ੍ਹ ਸਾਡੇ ਬਹੁਤੇ ਆਦਰਸ਼ ਹਿੰਸਾ, ਅਸ਼ਲੀਲਤਾ ਤੇ
ਪ੍ਰੇਮ ਦੇ ਗਲਤ ਅਰਥ ਫਲਾਉਂਦੇ ਐਕਟਰ ਤੇ ਗਾਇਕ ਜਾਂ ਫਿਰ
ਸਰੀਰ ਨੂੰ ਖ਼ੂਬਸੂਰਤ ਬਨਾਉਣ ਦਾ ਸਮਾਨ ਵੇਚਦੇ ਕਲਾਕਾਰ
ਦੋਸਤੋ ਦੂਸਰੇ ਦੀ ਜ਼ਿੰਦਗੀ ਚੋ ਆਪਣੇ ਅਰਥ ਨਾ ਤਲਾਸ਼ ਕਰੋ
ਆਪਣੀ ਖੋਜ਼ ਕਰੋ
ਆਦਰਸ਼ ਨਕਲ ਹੋ ਜਾਂਦੀ ਹੈ
ਤੇ ਨਕਲ ਜੀਅ ਕੇ ਅਸਲੀ ਖੁਦ ਨੂੰ ਕਦੋਂ ਮਿਲੋਗੇ
ਪਿਆਰਿਓ ਆਜ਼ਾਦ ਇਨਸਾਨ ਆਪਣੇ ਆਪ ਵਰਗਾ ਹੁੰਦਾ ਬਸ, ਹੋਰ ਕਿਸੇ ਵਰਗਾ ਨਹੀਂ
ਦੁਵਾਵਾਂ ਖੁਦ ਨੂੰ ਮਿਲਣ ਦੀਆਂ
ਜੀਓ ਮੇਰੇ ਮਿੱਤਰੋ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਪਾਣੀ ਦਾ ਗੁਣ ਨਿਰਛਲ, ਨਿਰਮਲ, ਅੱਗੇ ਵਧਣਾ,
ਜੀਵਨ ਦੇਣਾ, ਸਾਫ਼ ਸਫ਼ਾਈ
ਇਨਸਾਨਾਂ ਚ ਇਹੋ ਗੁਣ ਸੱਚਾਈ ਤੇ ਪ੍ਰੇਮ ਬਣਦੇ
ਪਿਆਰਿਓ ਸਾਡੇ ਸਰੀਰ ਅੰਦਰ 70% ਪਾਣੀ ਹੈ
ਤੇ ਅਸੀਂ ਅਗਰ ਬੇਈਮਾਨੀ, ਝੂਠ, ਤੇ ਇਨਸਾਨੀਅਤ ਨੂੰ ਨੁਕਸਾਨ
ਪਹੁੰਚਾਉਣ ਵਾਲੇ ਔਗੁਣਾਂ ਨਾਲ ਜੀਅ ਰਹੇ ਹਾਂ ਤਾਂ ਸਾਡੀ
ਜ਼ਿੰਦਗੀ ਕਦੀ ਵੀ ਸੁਲਝ ਕੇ ਨਹੀਂ ਚੱਲ ਸਕਦੀ
ਜਦੋ ਸਾਡੇ ਅੰਦਰ ਦਾ ਸਭ ਤੋਂ ਅਹਿਮ ਤੱਤ ਮੈਲਾ ਹੋ ਜਾਊ
ਤਾਂ ਅਸੀਂ ਕਿੰਜ ਸਕੂਨ ਤੇ ਤੰਦਰੁਸਤੀ ਚ ਜੀਅ ਸਕਦੇ
ਦੋਸਤੋ ਚੰਗਾ ਜਿਊਣਾ ਤਾਂ ਆਪਣੇ ਅੰਦਰ ਪਾਣੀ ਦੇ ਇਹਨਾਂ ਗੁਣਾਂ ਨੂੰ ਜਗਾਓ
ਆਪਣੇ ਜੀਵਨ ਨੂੰ ਦੂਸ਼ਤ ਨਾ ਕਰੋ
ਦੁਵਾਵਾਂ ਜੀਵਨ ਲਈ , ਜ਼ਿੰਦਗੀ ਲਈ ਜਾਗਣ ਦੀਆਂ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਆਪਣੀ ਜ਼ਿੰਦਗੀ ਨੂੰ ਸੁੱਖ ਸਹੂਲਤਾਂ ਤੇ ਖਾਸ ਕਰਕੇ ਜਿੰਨਾ
ਪੈਸੇ ਦੇ ਗੁਲਾਮ ਬਣਾ ਲਿਆ ਓਨਾ ਹੀ ਅਸੀਂ ਚੇਤਨਾ ਤੇ ਸਮਝ ਤੋਂ ਦੂਰ ਹੁੰਦੇ ਗਏ
ਪੈਸਾ ਜੀਵਨ ਨਹੀਂ ਹੈ, ਜ਼ਿੰਦਗੀ ਨਹੀਂ ਹੈ
ਹਾਂ ਇਹ ਸਿਰਫ ਲੋੜੀਦਾ ਸਾਧਨ ਹੈ
ਅਗਰ ਜਿਆਦਾ ਹੋਰ ਜਿਆਦਾ ਦੀ ਲਾਲਸਾ ਵਧੇ ਤੇ ਇਹ
ਇਨਸਾਨ ਦੀ ਖ਼ੁਸ਼ਹਾਲੀ ਨੂੰ ਖ਼ਰਾਬ ਕਰਨਾ ਸ਼ੁਰੂ ਕਰ ਦੇਂਦਾ ਹੈ
ਪਿਆਰਿਓ ਜ਼ਰੂਰਤ ਤੇ ਉਹ ਵੀ ਚਮਕ ਦਮਕ ਦੀ ਸ਼ਿਕਾਰ ਨਹੀਂ ,
ਜੋਗਾ ਪੈਸਾ ਹਮੇਸ਼ਾ ਸਕੂਨ ਤੇ ਖ਼ੁਸ਼ਹਾਲੀ ਦੇਵੇਗਾ
ਇਹ ਫਿਲੌਸਫੀ ਜਾਂ ਕਿਤਾਬੀ ਗੱਲ ਨਹੀਂ ਦੋਸਤੋ
ਇਹ ਕੁਦਰਤ ਦਾ ਪ੍ਰਬੰਧ ਕੇ ਅਗਰ ਤੁਹਾਡੀ ਆਰਥਿਕ ਜਰੂਰਤ ਤੋਂ ਜਿਆਦਾ ਦੀ
ਲਾਲਸਾ ਤਾਂ ਉਹ ਤੁਹਾਨੂੰ ਸਰੀਰਕ ਜਾਂ ਮਾਨਸਿਕ ਨੁਕਸਾਨ ਦੇਵੇਗੀ
ਆਓ ਦੋਸਤੋ ਖ਼ੁਸ਼ਹਾਲ ਹੋਣ ਵੱਲ ਤੁਰੀਏ
ਦੁਵਾਵਾਂ ਹਰ ਲਾਲਸਾ ਦੇ ਮੁੱਕਣ ਦੀਆਂ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਕਿਸੇ ਸ਼ਾਇਰ ਨੇ ਕਿਹਾ ਹੈ
" ਖ਼ੂਬਸੂਰਤ ਕੁਝ ਨਹੀਂ ਹੁੰਦਾ
ਖ਼ੂਬਸੂਰਤ ਬਸ ਖਿਆਲ ਹੁੰਦਾ
ਏ "
ਦੋਸਤੋ ਅਸੀਂ ਬੜੀਆਂ ਉਲਝਣਾਂ , ਪ੍ਰੇਸ਼ਾਨੀਆਂ ਤੇ ਤਲਖ਼ੀਆਂ
ਨੂੰ ਅਕਸਰ ਬਾਹਰੋਂ ਆਪਣੇ ਆਪ ਨੂੰ ਸਜਾਕੇ ਲੁਕਾਈ ਰੱਖਦੇ ਹਾਂ
ਬਾਹਰੋਂ ਆਪਣੇ ਆਪ ਨੂੰ ਸਹੀ ਵਖਾਈ ਜਾਣਾ ਕੋਈ ਮਾਇਨੇ
ਨਹੀਂ ਰੱਖਦਾ ਅਗਰ ਅੰਦਰ ਅਸੀਂ ਸਹੀ ਨਹੀਂ ਹਾਂ ਤਾਂ
ਪਿਆਰਿਓ ਜੋ ਇਨਸਾਨ ਆਪਣੇ ਅੰਦਰੋਂ ਖ਼ੁਸ਼ ਤੇ ਸ਼ਾਨਦਾਰ
ਮਹਿਸੂਸ ਕਰ ਰਿਹਾ ਉਹ ਬਾਹਰੋਂ ਵੀ ਪਿਆਰਾ ਹੀ ਨਜ਼ਰ ਆਵੇਗਾ
ਜਰੂਰੀ ਹੈ ਆਪਣੇ ਅੰਦਰ ਵੱਲ ਧਿਆਨ ਦੇਵੋ
ਖ਼ੁਦ ਨਾਲ ਗੱਲ ਕਰੋ
ਦੁਵਾਵਾਂ ਦੋਸਤੋ ਤੁਹਾਨੂੰ ਜੀਣ ਦਾ ਮਜ਼ਾ ਆਵੇ
ਰੱਬ ਸਭ ਭਲਾ ਕਰ ਰਿਹਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਕੁਦਰਤ ਇਕ ਵਕ਼ਤ ਤੱਕ ਜਗਾਉਣ ਚ ਲੱਗੀ ਰਹਿੰਦੀ
ਹਲਾਤ ਦੇਂਦੀ, ਲੋਕ ਮਿਲਾਉਂਦੀ ਉਂਜ ਦੇ ਜਿਨ੍ਹਾਂ
ਨਾਲ ਜਾਗਿਆ ਜਾ ਸਕੇ
ਅਗਰ ਤੁਸੀਂ ਇਹਨਾਂ ਸਭ ਨੂੰ ਨਜ਼ਰਅੰਦਾਜ਼ ਕਰਦੇ ਗਏ ਤਾਂ
ਫਿਰ ਕੁਦਰਤ ਬੰਦ ਕਰ ਦੇਂਦੀ ਉਹ ਸਭ ਕੋਸ਼ਿਸ਼ਾਂ
ਪਿਆਰਿਓ ਤੁਸੀਂ ਸੁੱਤੇ ਰਹਿਣ ਵਾਲਿਆਂ ਦੀ ਗਿਣਤੀ ਚ ਨਾ ਆਉਣਾ
ਉਮੀਦ ਹੈ ਖੁਦ ਨੂੰ ਵੇਖ ਰਹੇ ਹੋਵੋਗੇ
ਜਾਣ ਰਹੇ ਹੋਵੋਗੇ
ਸਿੱਖ ਰਹੇ ਹੋਵੋਗੇ
ਤੁਰ ਰਹੇ ਹੋਵੋਗੇ ਅਗਾਂਹ ਵੱਲ
ਧਰਤੀ ਤੇ ਸ਼ੁਰੂ ਕੀਤੇ ਆਪਣੇ ਸਫ਼ਰ ਤੇ ਭਰੋਸਾ ਕਰੋ
ਸਾਹ ਲਓ
ਦੁਵਾਵਾਂ ਤੁਹਾਨੂੰ ਸਭ ਨੂੰ ਜੀਣ ਦਾ ਮਜ਼ਾ ਆਵੇ
ਜੀਓ ਮੇਰੇ ਦੋਸਤੋ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਜ਼ਿੰਦਗੀ ਕੋਈ ਗੰਭੀਰਤਾ ਨਹੀਂ ਹੈ
ਕੋਈ ਬੜੇ ਤਰਕ ਨਾਲ ਹਿਸਾਬ ਕਿਤਾਬ ਲਾਕੇ ਜੀਣ ਦਾ
ਮਸਲਾ ਨਹੀਂ ਹੈ
ਜ਼ਿੰਦਗੀ ਸਿਰਫ ਇਕ ਉਤਸਵ ਹੈ
ਤਿਓਹਾਰ ਹੈ
ਇਕ ਨਾਚ ਹੈ , ਕਵਿਤਾ ਹੈ
ਇਹਨੂੰ ਰੋਣੇ ਧੋਣੇ ਚ ਨਾ ਗੁਜ਼ਾਰੋ
ਇਹਦਾ ਹਰ ਹਾਲ ਚ ,ਹਰ ਦਿਨ ਜਸ਼ਨ ਮਨਾਓ
ਸਭ ਕੁਝ ਖ਼ੂਬਸੂਰਤ ਹੈ
ਹਰ ਤਰਾਂ ਖ਼ੂਬਸੂਰਤ ਹੈ
ਸ਼ੁਕਰੀਆ ਅਦਾ ਕਰੋ ਜੀਵਨ ਦਾ
ਦੁਵਾਵਾਂ ਦੋਸਤੋ ਮੌਜ ਮਨਾਉਣ ਦੀਆਂ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਯੋਗ ਦਾ ਮਤਲਬ ਸਰੀਰ ਨੂੰ ਤੋੜ ਮਰੋੜ ਕੇ ਕੁਝ ਕਰਨਾ ਨਹੀਂ ਹੈ
ਯੋਗ ਦੇ ਅਰਥ ਹਨ ਜੁੜਨਾ, ਇਕ ਹੋਣਾ
ਤੁਸੀਂ ਰੋਜ਼ ਅਰਾਮ ਨਾਲ ਰੀੜ੍ਹ ਦੀ ਹੱਡੀ ਸਿੱਧੀ ਰੱਖਦੇ ਹੋਏ
ਬੈਠਣ ਦਾ ਅਭਿਆਸ ਕਰਦੇ ਹੋ ਤਾਂ ਇਸ ਇਕ ਆਸਣ ਦੀ
ਮੁਹਾਰਤ ਵੀ ਪੂਰਾ ਯੋਗ ਹੈ
ਜਦੋ ਸਾਹਾਂ ਤੇ ਧਿਆਨ ਦੇਂਦੇ ਅਸੀਂ ਜੀਵਨ ਦੇ ਤੱਤ ਨਾਲ ਜੁੜਦੇ
ਹਾਂ ਤਾਂ ਉਸ ਵਕਤ ਅਸੀਂ ਨਾ ਅਤੀਤ ਚ ਹੁੰਦੇ ਹਾਂ ਨਾ ਭਵਿੱਖ ਚ
ਕਿਉਕਿ ਜੀਵਨ ਦਾ ਉਹ ਤੱਤ (ਰੱਬ, ਪਰਮਾਤਮਾ, ਕੁਦਰਤ)
ਕਦੀ ਭੂਤ ਜਾਂ ਭਵਿੱਖ ਚ ਨਹੀਂ ਹੁੰਦਾ
ਉਹ ਹੁਣੇ ਹੈ, ਇਸੇ ਪਲ ।
ਇਸ ਪਲ ਨਾਲ ਇਕ ਹੋਣਾ , ਜੁੜਨਾ ਯੋਗ ਹੈ
ਪਿਆਰਿਓ ਜੀਵਨ ਤੱਤ ਨਾਲ ਜੁੜੋ
ਜ਼ਿੰਦਗੀ ਤੁਹਾਡੇ ਨਾਲ ਜੁੜੇਗੀ
ਦੁਵਾਵਾਂ ਤੁਹਾਡੇ ਸਾਹਾਂ ਚ ਆਨੰਦ ਜਾਗਣ ਦੀਆਂ
ਰੱਬ ਸਭ ਭਲਾ ਕਰ ਰਿਹਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਅਕਸਰ ਹਲਾਤਾਂ ਦੇ ਜਾਂ ਇਨਸਾਨਾਂ ਦੇ
ਵਿਵਹਾਰ ਦੇ ਗੁਲਾਮ ਹੁੰਦੇ ਹਾਂ
ਇਸੇ ਵਜ੍ਹਾ ਕਰਕੇ ਅਸੀਂ ਕੋਈ ਬੁਰਾ ਵਿਵਹਾਰ ਕਰੇ ਜਾਂ
ਹਲਾਤ ਪ੍ਰੇਸ਼ਾਨ ਕਰਨ ਤਾਂ ਝੱਟ ਖ਼ਰਾਬ ਬੋਲਦੇ ਜਾਂ ਗੁੱਸੇ ,
ਨਫ਼ਰਤ ਨਾਲ ਭਰ ਜਾਂਦੇ ਹਾਂ
ਏਹੋ ਹਲਾਤਾਂ ਦੀ ਤੇ ਵਿਵਹਾਰ ਦੀ ਗੁਲਾਮੀ ਹੈ
ਪਿਆਰਿਓ ਜੋ ਵੀ ਇਨਸਾਨ  ਬੁਰੇ ਵਰਤਾਉ, ਖ਼ਰਾਬ ਬੋਲੀ,
ਜਾਂ ਮੁਸ਼ਕਿਲ ਸਮੇ ਚ ਵੀ ਪ੍ਰੇਮ ਦਾ ਪੱਲਾ ਨਹੀਂ ਛੱਡਦਾ ਤਾਂ
ਉਹ ਅਸਲ ਚ ਧਿਆਨ ਚ ਹੀ ਹੈ
ਉਹ ਆਜ਼ਾਦ ਹੈ
ਆਓ ਦੋਸਤੋ ਧਿਆਨ ਲਾਉਣਾ ਕੋਈ ਇਕ ਜਾਂ ਅੱਧੇ ਘੰਟੇ ਦਾ
ਨਿਯਮ ਨਾ ਰੱਖੀਏ ਸਿਰਫ਼
ਬਲਕਿ ਖੁਦ ਨੂੰ ਹਰ ਵਕਤ ਪ੍ਰੇਮ, ਹਲੀਮੀ, ਨਿਮਰਤਾ ਚੋ ਆਲਾ
ਦੁਆਲਾ ਵੇਖਣ ਦੇ ਰਾਹ ਤੇ ਪਾਈਏ
ਚੰਗੇ ਵਿਵਹਾਰ ਤੇ ਚੰਗੀ ਬੋਲੀ ਵਾਲਾ ਹਰ ਵਕਤ ਧਿਆਨ ਚ ਹੀ ਹੁੰਦਾ ਹੈ
ਦੁਵਾਵਾਂ ਦੋਸਤੋ ਆਜ਼ਾਦ ਤੇ ਰੌਸ਼ਨ ਹੋਣ ਦੀਆਂ
ਰੱਬ ਸਭ ਭਲਾ ਕਰ ਰਿਹਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਇਹ ਜ਼ਰੂਰੀ ਨਹੀਂ ਕੇ ਸਭ ਲਈ ਇੱਕੋ ਜਿਹੇ ਰਸਤੇ ਤੇ ਚੱਲਣਾ ਨਿਸ਼ਚਿਤ ਹੋਵੇ
ਮਹੱਤਵ ਇਸ ਗੱਲ ਦਾ ਹੈ ਕੇ ਕੀ ਕਮੀਆਂ ਦੂਰ ਹੋ ਰਹੀਆਂ ਹਨ ?
ਕੀ ਦਿਨੋਂ ਦਿਨ ਅਸੀਂ ਹੋਰ ਚੰਗੇ ਹੋ ਰਹੇ ਹਾਂ ?
ਕੀ ਅੰਦਰ ਕੋਈ ਰੋਸ਼ਨੀ ਵੱਧ ਰਹੀ ਹੈ ?
ਅਗਰ ਇੰਜ ਹੋ ਰਿਹਾ ਤਾਂ ਰਸਤਾ ਤੁਹਾਡਾ ਕੋਈ ਵੀ ਹੋਵੇ ਦੋਸਤੋ ,
ਉਹ ਠੀਕ ਹੀ ਹੋਵੇਗਾ
ਰਸਤੇ ਦੀ ਨਹੀਂ ਤੁਰਨ ਦੀ ਗੱਲ ਹੈ
ਉਮੀਦ ਹੈ ਤੁਸੀਂ ਸ਼ੁੱਧਤਾ ਦੇ ਸਫ਼ਰ ਤੇ ਹੋ
ਦੁਵਾਵਾਂ ਖੁਦ ਨੂੰ ਮਿਲਣ ਦੀਆਂ
ਰੱਬ ਸਭ ਭਲਾ ਕਰ ਰਿਹਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਅਕਸਰ ਜਿਸ ਜਗ੍ਹਾ ਜਾਂ ਜਿੰਨਾ ਹਲਾਤ ਚ ਹੁੰਦੇ ਹਾਂ
ਉਸ ਬਾਰੇ ਨਾਖੁਸ਼ ਹੋਏ ਰਹਿੰਦੇ ਹਾਂ
ਸਾਨੂੰ ਲਗਦਾ ਰਹਿੰਦਾ ਮੈਂ ਕਿਤੇ ਹੋਰ ਹੋਣਾ ਚਾਹੀਦਾ ਸੀ
ਮੇਰੇ ਨਾਲ ਕੁਝ ਹੋਰ ਹੋਣਾ ਚਾਹੀਦਾ ਸੀ
ਮੇਰੇ ਕੋਲ ਕੁਝ ਹੋਰ ਹੋਣਾ ਚਾਹੀਦਾ ਸੀ
ਪਿਆਰਿਓ ਕੁਦਰਤ ਗ਼ਲਤ ਨਹੀਂ ਹੁੰਦੀ
ਤੁਸੀਂ ਜਿਥੇ ਹੋ , ਜਿਸ ਹਲਾਤ ਚ ਹੋ ਤੁਹਾਡਾ ਇਹੋ ਚੁਣਾਵ ਸੀ
ਬਿਨਾਂ ਪਛਤਾਵਾ ਤੇ ਸ਼ਕਾਇਤ ਕੀਤੇ ਬਸ ਸਾਹ ਲਓ
ਖੁਦ ਨੂੰ ਤੇ ਜੋ ਵੀ ਹੈ ਉਸਨੂੰ ਆਸਾਨ ਹੋਕੇ ਮੰਨ ਲਓ
ਤੁਸੀਂ ਇੰਜ  ਖੁਸ਼ਹਾਲੀ ਤੇ ਸਕੂਨ ਨੂੰ
ਜੀਓਗੇ
ਦੁਵਾਵਾਂ ਖੁਦ ਨਾਲ ਪ੍ਰੇਮ ਹੋਣ ਦੀਆਂ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਜਿਵੇਂ ਜੀਵਨ ਨੇ ਆਪਣੀ ਅਸੀਮਤ ਸਮਰੱਥਾ ਦੇ ਪ੍ਰਗਟਾਵੇ ਲਈ ਇਨਸਾਨਾਂ,
ਰੁੱਖਾਂ, ਪਰਬਤਾਂ, ਮਿੱਟੀ, ਜੀਵ ਜੰਤੂ, ਹਵਾ, ਪਾਣੀ ਤੇ ਹੋਰ ਪਤਾ ਨਹੀਂ ਕੀ
ਕੁਝ ਜੋ ਸਾਡੀ ਨਜ਼ਰ ਸਾਹਵੇਂ ਵੀ ਨਹੀਂ ਦਾ ਰੂਪ ਲੈ ਲਿਆ
ਇਹ ਸਭ ਰੂਪ ਸਿਰਫ ਕੁਦਰਤ ਦੇ ਆਪਣੇ ਕਈ ਰੰਗ ਵਖਾਉਣ ਦਾ ਢੰਗ ਹਨ
ਪਿਆਰਿਓ ਇੰਜ ਹੀ ਇਸ ਧਰਤੀ ਤੇ ਵਿਕਸਿਤ ਹੋਏ ਸਭ ਧਰਮ ਹਨ
ਉਹ ਸਾਰੇ ਬਸ ਰੱਬ ਦੀ, ਇਕ ਦਾਤੇ ਦੀ
ਖ਼ਬਰ ਦੇ ਰਹੇ ਹਨ
ਕੋਈ ਧਰਮ ਖ਼ਰਾਬ ਨਹੀਂ
ਆਓ ਦੋਸਤੋ ਹੁਣ ਇਹ ਜ਼ਾਤ, ਨਸਲ, ਰੰਗ ਤੇ ਧਰਮ ਦੀ ਵੱਖਰਤਾ
ਕਾਰਨ ਫੈਲਦੀ ਨਫਰਤ ਤੋਂ ਬਾਹਰ ਆਈਏ
ਅੱਗੇ ਵੱਧਣ ਦਾ ਵਕਤ ਆ ਗਿਆ ਪਿਆਰੇ ਇਨਸਾਨ
ਦੁਵਾਵਾਂ ਤੁਹਾਨੂੰ ਖ਼ੂਬਸੂਰਤ ਜ਼ਿੰਦਗੀ ਦੀਆਂ
ਰੱਬ ਸਭ ਭਲਾ ਕਰਦਾ ਹੈ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਜਨਮ ਲੈਣਾ ਤੇ ਫਿਰ ਸਿਰਫ ਸੰਸਾਰਿਕ ਜਰੂਰਤਾਂ ਜਿਵੇਂ ਖਾਣਾ ਪੀਣਾ,
ਵਿਆਹ, ਬੱਚੇ ਤੇ ਜਾਂ ਸਿਰਫ ਸਹੂਲਤਾਂ ਨੂੰ ਵਧਾਉਣ ਚ ਲੱਗਾ
ਰਹਿਣ ਵਾਲਾ ਜੀਵਨ ਜੀਣਾ ਬੇਹੱਦ ਸਾਧਾਰਨ ਤੇ ਦੁਨਿਆਵੀ ਹੈ।
ਇਸਦੇ ਮਾਇਨੇ ਬੜੇ ਨਿਮਨ ਹਨ ਅਗਰ ਤੁਸੀਂ ਚੇਤਨਾ ਦੇ ,
ਖੁਦ ਨੂੰ ਜਾਨਣ ਦੇ ਸਫਰ ਤੇ ਨਹੀਂ ਤੁਰਦੇ।
ਫਿਰ ਬਾਰ ਬਾਰ ਜਨਮ ਲਿਆ ਤੇ ਮੌਤ ,ਬਸ ਇਹੋ ਕੁਝ ਚਲਦਾ ਰਹੇਗਾ।
ਜੀਵਨ ਏਨੀ ਕੁ ਗੱਲ ਨਹੀਂ ਹੈ।
ਇਹ ਜਨਮ ਤੇ ਮੌਤ ਤੋਂ , ਤੇ ਏਥੇ ਬਣੇ ਬਣਾਏ ਚੱਕਰ ਨੂੰ ਜੀਣ ਤੋਂ ਪਰੇ ਵੀ ਬਹੁਤ ਕੁਝ ਹੈ।
ਜੀਵਨ ਦੀ ਵੀ ਚਾਹਤ ਕੇ ਅਸੀਂ ਬਸ ਗਰਭ ਤੋਂ ਕਬਰ ਤੱਕ ਨਾ ਰਹੀਏ।
ਇਹ ਸਫ਼ਰ ਜੀਵਨ ਮਰਨ ਨੂੰ ਜਾਣ ਲੈਣ ਦਾ ਤੇ ਇਸਤੋਂ ਵੀ ਆਜ਼ਾਦ ਹੋਣ ਦਾ ਹੈ।
ਪਿਆਰਿਓ ਰੁਕੋ
ਬੈਠੋ ਖੁਦ ਨਾਲ
ਕੁਝ ਹੈ ਬਾਕਮਾਲ ਤੁਹਾਡੇ ਖੁਦ ਅੰਦਰ
ਸਾਹ ਲਉ ਬਸ ਦੁਵਾਵਾਂ ਜਾਨਣ , ਜਾਗਣ ਦੀਆਂ
ਸਭ ਭਲਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅੱਜਕਲ੍ਹ ਦੇ ਸਮਾਜਿਕ ਪ੍ਰਬੰਧ ਚ ਅਸੀਂ ਸੱਚਾਈ , ਪ੍ਰੇਮ ,
ਈਮਾਨ , ਖੁਦ ਨੂੰ ਜਾਨਣ ਦੀ ਗੱਲ ਜਾਂ ਫਿਰ ਧਿਆਨ ਲਾਉਣ ਦੀ ਗੱਲ ਨੂੰ ਕਿਸੇ ਕਿਸਮ ਦੀ
ਆਦਰਸ਼ ਸੋਚ ਕਹਿ ਕੇ ਨਜ਼ਰਅੰਦਾਜ਼ ਕਰੀ ਜਾ ਰਹੇ ਹਾਂ
ਦੋਸਤੋ ਗੌਰ ਕਰੋ ਕੇ ਅਗਰ ਇਹ ਆਦਰਸ਼ ਸੋਚ ਹੈ ਤਾਂ
ਇਸ ਵਕਤ ਦੀ ਕਿੰਨੀ ਕੁ ਦੁਨੀਆਂ ਖੁਸ਼ ਹੈ ?
ਕਿੰਨੇ ਲੋਕ ਸਕੂਨ ਤੇ ਖ਼ੁਸ਼ਹਾਲੀ ਨੂੰ ਜੀਅ ਰਹੇ ਹਨ ?
ਪਿਆਰਿਓ ਵੱਡੀ ਗਿਣਤੀ ਉਲਝੀ ਹੋਈ ਜ਼ਿੰਦਗੀ ਜੀਅ ਰਹੀ ਹੈ
ਕਿਉਂ ਕੇ ਸਾਨੂੰ ਖੁਦ ਨੂੰ ਜਾਨਣ ਵਾਲੀ ਗੱਲ ਫਿਲੌਸਫੀ ਲੱਗਦੀ
ਆਓ ਦੋਸਤੋ ਜ਼ਿੰਦਗੀ ਪੂਰੀ ਤਰਾਂ ਜੀਣ ਵੱਲ ਤੁਰੀਏ
ਪ੍ਰੇਮ ਕਰੋ ਖੁਦ ਨਾਲ
ਧਰਤ ਦੇ ਹਰ ਜੀਵਨ ਨਾਲ
ਪਰਵਾਹ ਕਰੋ ਇਸ ਗ੍ਰਹਿ ਦੀ
ਹਰ ਇਨਸਾਨ ਦੀ
ਬਸ ਸਫ਼ਰ ਇਸੇ ਤੋਂ ਖੁਦ ਵੱਲ ਸ਼ੁਰੂ ਹੋ ਜਾਊ
ਦੁਵਾਵਾਂ ਸ਼ਾਨਦਾਰ ਇਨਸਾਨ ਹੋਣ ਦੀਆਂ
ਰੱਬ ਭਲਾ ਕਰਦਾ ਦੋਸਤੋ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਆਪਣੇ ਨਿਸ਼ਾਨ ਛੱਡਣ ਦੀ ਚਾਹਤ ਜਾਂ ਕੰਮ ਇਸ ਚਾਹਤ ਚ ਕਰਨਾ
ਕੇ ਤੁਹਾਡਾ ਨਾਮ ਹੋਵੇ, ਇਕ ਤਰਾਂ ਦਾ ਹੰਕਾਰ ਹੈ
ਤੁਸੀਂ ਅਗਰ ਆਪਣੀ ਵਾਹੋ ਵਾਹੀ ਜਾਂ ਖੁਦ ਦੀ ਪ੍ਰਸ਼ੰਸਾ ਲਈ
ਕੰਮ ਕਰ ਰਹੇ ਹੋ ਤਾਂ ਤੁਸੀਂ ਬਹੁਤ ਘੱਟ ਜ਼ਿੰਦਗੀ ਨੂੰ ਜਾਣੋਗੇ
ਅਸਲ ਚ ਤੁਹਾਡਾ ਫਿਰ ਸਾਰਾ ਧਿਆਨ ਬਸ ਖੁਦ ਦੇ ਹੰਕਾਰ ਨੂੰ
ਸੰਤੁਸ਼ਟ ਕਰਨ ਵੱਲ ਹੋਊ
ਜੋ ਇਨਸਾਨ ਇਸ ਪੂਰੇ ਬ੍ਰਹਿਮੰਡ ਨਾਲ ਇਕਮਿਕ ਹੋਣਾ ਚਾਹੁੰਦਾ,
ਇਸ ਜੀਵਨ ਦੀ ਖੂਬਸੂਰਤੀ ਨੂੰ ਪੂਰਾ ਜਾਨਣਾ ਚਾਹੁੰਦਾ ਉਸ ਨੂੰ ਆਜ਼ਾਦੀ ਦੀ ਲੋੜ ।
ਤੇ ਪ੍ਰਸ਼ੰਸਾ ਦੀ , ਵਾਹੋ ਵਾਹੀ ਦੀ ਚਾਹਤ ਪੈਰ ਨੂੰ ਬੇੜੀਆਂ ਵਾਂਗ ਹੈ
ਦੋਸਤੋ ਸਿਰਫ ਆਪਣੇ ਹਿੱਸੇ ਆਇਆ ਕੰਮ ਕਰੋ
ਬਿਨਾਂ ਪਿੱਛੇ ਨਿਸ਼ਾਨ ਛੱਡਣ ਦੀ ਚਾਹਤ ਤੋਂ।
ਪ੍ਰਸ਼ੰਸਾ ਗੁਲਾਮੀ ਹੈ
ਕਰਨੀ ਵੀ , ਕਰਵਾਉਣੀ ਵੀ ।
ਦੁਵਾਵਾਂ ਆਜ਼ਾਦ ਹੋਕੇ ਜੀਣ ਦੀਆਂ
ਰੱਬ ਭਲਾ ਕਰਦਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਜਾਣਕਾਰੀ ਲਈ ਹਰ ਰੋਜ਼ ਕੁਝ ਨਾ ਕੁਝ ਜਾਣਨਾ ਜ਼ਰੂਰੀ ਹੈ
ਪਰ ਬੁੱਧੀਮਾਨ ਇਨਸਾਨ ਲਈ ਜਾਣਕਾਰੀ ਤੋਂ ਉਪਰ ਉੱਠਣਾ ਜ਼ਰੂਰੀ ਹੈ
ਜਾਣੋ ਸਭ ਕੁਝ ਬਾਰੇ
ਪਰ ਕਿਸੇ ਜਾਣਕਾਰੀ ਦੇ ਗੁਲਾਮ ਨਾ ਬਣੋ
ਖੁਦ ਨੂੰ ਖ਼ਾਲੀ ਕਰੋ
ਇੰਜ ਤੁਸੀਂ ਕਦੀ ਪੱਖਪਾਤ ਤੇ ਕੱਟੜਤਾ ਚ ਨਹੀਂ ਪਓਗੇ
ਦੁਵਾਵਾਂ ਦੋਸਤੋ ਬੁੱਧਤਵ ਜਾਗਣ ਦੀਆਂ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਇਹ ਬ੍ਰਹਿਮੰਡ  ਸਿਰਫ਼ ਇਨਸਾਨਾਂ ਤੇ
ਕੇਂਦਰਿਤ ਨਹੀਂ ਹੈ
ਏਥੇ ਹਰ ਕਣ, ਫੁੱਲ, ਪੱਤਾ, ਪਸ਼ੂ, ਪੰਛੀ ਸਭ ਆਪਣੀ ਭੂਮਿਕਾ
ਨਿਭਾ ਰਹੇ ਜੋ ਪੂਰੇ ਜੀਵਨ ਦੀ ਹੋਂਦ ਨੂੰ ਪ੍ਰਗਟਾ ਰਹੇ ਹਨ
ਜਿੰਨਾ ਕੁਦਰਤ ਲਈ ਇਨਸਾਨ ਅਹਿਮੀਅਤ ਰੱਖਦਾ ਓਨੀ
ਹੀ ਇਕ ਕੀੜੀ ਵੀ ਅਹਿਮੀਅਤ ਰੱਖਦੀ ਹੈ
ਪਿਆਰਿਓ ਸਭ ਕੁਝ ਇਸ ਜੀਵਨ ਦੀ ਖੂਬਸੂਰਤੀ ਨੂੰ
ਬਣਾ ਕੇ ਰੱਖਣ ਚ ਲੱਗਾ ਹੋਇਆ
ਆਓ ਅਸੀਂ ਇਨਸਾਨ ਹੋਣ ਦੀ ਚੰਗੀ ਭੂਮਿਕਾ ਨਿਭਾਈਏ
ਦੁਵਾਵਾਂ ਇਹ ਕੁਦਰਤ ਤੁਹਾਨੂੰ ਖ਼ੁਸ਼ਹਾਲੀ ਦੇਵੇ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸਾਡੀ ਸਿਹਤ ਜਾਂ ਤੰਦਰੁਸਤੀ ਡਾਕਟਰ ਦਾ ਮਸਲਾ ਨਹੀਂ ਹੈ
ਸਿਹਤ ਸਾਡੇ ਅੰਦਰ ਹੀ ਹੈ
ਤੁਸੀਂ ਜਿੰਨਾ ਖੁਦ ਤੇ ਧਿਆਨ ਦੇਵੋਗੇ ਤੰਦਰੁਸਤ ਹੁੰਦੇ ਜਾਵੋਗੇ ।
ਸੁਣੋ ਆਪਣੇ ਸਰੀਰ ਨੂੰ , ਭੁੱਖ ਜਰੂਰਤ ਹੈ , ਓਨਾ ਹੀ ਖਾਓ
ਦੋਸਤੋ ਅਗਰ ਅਸੀਂ ਸਿਰਫ ਸਾਰਾ ਦਿਨ ਹੋਸ਼ਪੂਰਵਕ ਸਾਹ ਹੀ
ਲੈ ਲਈਏ ਤਾਂ ਬਹੁਤ ਸਾਰੀਆਂ ਬਿਮਾਰੀਆਂ ਖਤਮ ਹੋ ਜਾਣਗੀਆਂ
ਆਪਣੀ ਦਿਲ ਦੀ ਧੜਕਣ ਸੁਣੋ
ਖੁਦ ਨੂੰ ਮਹਿਸੂਸ ਕਰੋ
ਤੁਸੀਂ ਇੰਜ ਖੁਦ ਦੇ ਨਜ਼ਦੀਕ ਹੋਵੋਗੇ
ਤੁਸੀਂ ਹੀ ਕੁਦਰਤ ਹੋ
ਤੇ ਪਿਆਰਿਓ ਕੁਦਰਤ ਕਦੀ ਬਿਮਾਰ ਨਹੀਂ ਹੁੰਦੀ
ਦੁਵਾਵਾਂ ਤੰਦਰੁਸਤੀ ਦੀਆਂ
ਰੱਬ ਸਭ ਭਲਾ ਕਰ ਰਿਹਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਗੁਰੂ , ਪੀਰ -ਫਕੀਰਾਂ ਤੇ ਹੁਣ ਆਧੁਨਿਕ ਸਾਇੰਸ ਦੀ ਖੋਜ਼ ਵੀ
ਕਹਿੰਦੀ ਕੇ ਸਾਡਾ ਭੋਜਨ ਤੇ ਪਾਣੀ ਜੀਂਦੇ ਜਾਗਦੇ ਹਨ
ਉਹਨਾਂ ਨੂੰ ਹਰ ਗੱਲ ਸੁਣਦੀ ਹੈ
ਬਲਕਿ ਕੋਈ ਸਬਰ ਨਾਲ ਧਿਆਨ ਦੇਵੇ ਤੇ ਕਹਿੰਦੇ ਕੇ
ਭੋਜਨ ਬੋਲਦਾ ਵੀ ਹੈ
ਸੋਚੋ ਦੋਸਤੋ ਫਿਰ ਸਾਡਾ ਭੋਜਨ ਨਾਲ ਪਾਣੀ ਨਾਲ ਕਿੰਜ ਦਾ
ਵਰਤਾਓ ਹੋਣਾ ਚਾਹੀਦਾ ਹੈ
ਬਣਾਉਣ ਵਾਲੇ ਦਾ, ਤੁਹਾਡੇ ਤੱਕ ਪਹੁੰਚਾਉਣ ਵਾਲੇ ਹਰ ਇਨਸਾਨ
ਤੇ ਕੁਦਰਤ ਦਾ ਸ਼ੁਕਰੀਆ ਅਦਾ ਕਰਕੇ ਭੋਜਨ ਖਾਓ
ਭੋਜਨ ਖਾਂਦੇ ਹੋਏ ਚੰਗੀਆਂ ਗੱਲਾਂ ਕਰੋ
ਇਸ ਭੋਜਨ ਨੇ ਤੁਹਾਡੇ ਅੰਦਰ ਜਾਕੇ ਤੁਸੀਂ ਹੀ ਬਣਨਾ ਹੈ
ਆਓ ਪਿਆਰਿਓ ਹੁਣ ਚਾਨਣ ਚ ਜੀਣਾ ਸ਼ੁਰੂ ਕਰੀਏ
ਦੁਵਾਵਾਂ ਤੁਹਾਡੇ ਘਰਾਂ ਪਰਿਵਾਰਾਂ ਦੀ ਖ਼ੁਸ਼ਹਾਲੀ ਦੀਆਂ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਕਿਸੇ ਵੀ ਚੀਜ਼ ਦਾ ਸੰਤੁਲਨ ਵਿਗੜ ਜਾਵੇ ਤਾਂ ਉਹ
ਨੁਕਸਾਨਦਾਇਕ ਹੋ ਜਾਂਦੀ ਹੈ
ਧਰਤੀ ਉਤੇ ਸਭ ਤਰਾਂ ਦੇ ਜੀਵਨ ਰੂਪਾਂ ਨੂੰ ਬਚਾਉਣ ਤੇ ਇਸ
ਗ੍ਰਹਿ ਦੀ ਤੰਦਰੁਸਤੀ ਲਈ ਸਾਨੂੰ ਆਪਣੀ (ਇਨਸਾਨ ਦੀ )
ਗਿਣਤੀ ਵੱਲ ਧਿਆਨ ਦੇਣ ਦੀ ਬਹੁਤ ਜ਼ਰੂਰਤ ਹੈ
ਅਸਲ ਚ ਧਿਆਨ ਸਾਡੇ ਆਪਣੇ ਤੇ ਆਪਣਿਆਂ ਦੇ ਹੀ ਭਲੇ ਲਈ ਹੈ
ਪਿਆਰੇ ਦੋਸਤੋ ਇੰਜ ਨਾ ਸੋਚਣਾ ਕੇ ਜਨਸੰਖਿਆ ਸਾਡਾ ਮਸਲਾ ਨਹੀਂ ਹੈ
ਜਦੋਂ ਇਸ ਗ੍ਰਹਿ ਤੇ ਸਭ ਇਕੱਠੇ ਹਾਂ ਤੇ ਸਭ ਮਸਲੇ ਸਾਡੇ ਸਭ ਦੇ ਸਾਂਝੇ ਹਨ
ਆਪਣੀ ਜਿੰਮੇਵਾਰੀ ਨਿਭਾਓ
ਵੱਧ ਤੋਂ ਵੱਧ ਲੋਕਾਂ ਨੂੰ ਜਨਸੰਖਿਆ ਲਈ ਸੁਚੇਤ ਕਰੋ
ਇਹ ਧਰਤੀ ਤੁਹਾਡੀ ਸ਼ੁਕਰਗੁਜ਼ਾਰ ਹੋਊ
ਦੁਵਾਵਾਂ ਇਸ ਗ੍ਰਹਿ ਦੇ ਨਾਲ ਪ੍ਰੇਮ ਕਰਨ ਦੀਆਂ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਜੀਵਨ, ਪਰਮਾਤਮਾ, ਪ੍ਰੇਮ ਸੱਚਾਈ ਹੈ
ਇਹ ਕੋਈ ਵਿਸ਼ਵਾਸ ਨਹੀਂ ।
ਤੇ ਸੱਚਾਈ ਓਸੇ ਨੂੰ ਪਤਾ ਲੱਗੇਗੀ ਜੋ ਖੋਜ ਕਰੇਗਾ
ਬਣੇ ਬਣਾਏ ਵਿਸ਼ਵਾਸ ਛੱਡੋ , ਖੁਦ ਜਾਨਣ ਵੱਲ ਤੁਰੋ
ਤੁਹਾਡਾ ਅਨੁਭਵ ਹੀ ਤੁਹਾਡਾ ਆਪਣਾ ਸੱਚ ਹੋਵੇਗਾ
ਕਿਸੇ ਨੂੰ ਵੀ ਦੂਸਰੇ ਦੇ ਦੱਸੇ ਦਾ ਕੋਈ ਫਾਇਦਾ ਨਹੀਂ
ਦੋਸਤੋ ਸਵਾਲ ਕਰੋ
ਤੇ ਫਿਰ ਜਵਾਬ ਲਈ ਖੋਜ ਕਰੋ
ਖੋਜਣ ਵਾਲੇ ਨੂੰ ਮਿਲਦਾ ਜਰੂਰ ਹੈ
ਉਮੀਦ ਹੈ ਤੁਸੀਂ ਖੋਜ ਤੇ ਹੋ
ਦੁਵਾਵਾਂ ਸੱਚਾਈ ਨਾਲ ਮਿਲਣ ਦੀਆਂ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਚਾਨਣ ਦੀ ਖ਼ਬਰ ਹਨ੍ਹੇਰੇ ਚੋ ਮਿਲਦੀ ਹੈ
ਕਿਸੇ ਵੀ ਤਰਾਂ ਦੀ ਮੁਸ਼ਕਿਲ ਚ ਹੋ
ਦੁੱਖ ਚ ਹੋ
ਜਾਂ ਪ੍ਰੇਸ਼ਾਨ ਕਰਨ ਵਾਲੇ ਹਲਾਤ ਨੇ ਤਾਂ ਧਿਆਨ ਦੇਵੋ
ਇਹ ਤੁਹਾਨੂੰ ਰੌਸ਼ਨੀ ਦਾ ਪਤਾ ਦੱਸਣਗੇ
ਕੁਦਰਤ ਸਭ ਦੇ ਨਾਲ ਹੈ ਪਿਆਰਿਓ
ਦੁਵਾਵਾਂ ਤੁਹਾਨੂੰ ਚਾਨਣ ਮਿਲੇ
ਸਕੂਨ ਮਿਲੇ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਦੂਸਰਿਆਂ ਤੇ ਹੱਸਣਾ ਮੂਰਖਤਾ ਭਰਿਆ ਹੈ ਤੇ ਇੰਜ
ਕਰਨਾ ਮੂਰਖਾਂ ਦਾ ਕੰਮ ਹੁੰਦਾ
ਕਿਉਂ ਕਿ ਅਗਿਆਨੀ ਨੂੰ ਹਮੇਸ਼ਾ ਲਗਦਾ ਉਹ ਸਹੀ ਹੈ ਤੇ
ਉਹਨੂੰ ਸਭ ਪਤਾ ਹੈ
ਜਦਕਿ ਬੁੱਧੀਮਾਨ ਖੁਦ ਤੇ ਹੱਸਦਾ ਕਿਉਂਕਿ ਉਹ ਕੁਦਰਤ ਦੀ
ਵਿਸ਼ਾਲਤਾ ਤੇ ਇਨਸਾਨ ਦੀ ਸੰਭਾਵਨਾ ਨੂੰ ਜਾਣ ਜਾਂਦਾ ਜੋ
ਦੱਸਦੀ ਕੇ ਇਨਸਾਨ ਅਸਲ ਚ ਕਿੰਨਾ ਘੱਟ ਜਾਣਦਾ ਹੈ
ਪਿਆਰਿਓ ਬੁਧਿਮਤਾ ਵੱਲ ਤੁਰੋ
ਆਪਣੀ ਅਗਿਆਨਤਾ ਤੇ ਹੱਸਣਾ ਕਮਾਲ ਹੈ ਬਜਾਏ ਕਿਸੇ
ਦੂਜੇ ਦਾ ਮਜ਼ਾਕ ਉਡਾਉਣ ਦੇ
ਕੁਦਰਤ ਕਿਸ ਰਾਹੀਂ ਕਿਸ ਰੂਪ ਚ ਪ੍ਰਗਟ ਹੋ ਰਹੀ ਸਾਨੂੰ ਕੁਝ ਨਹੀਂ ਪਤਾ
ਦੋਸਤੋ ਇਜ਼ੱਤ ਕਰੋ ਹਰ ਇਨਸਾਨ ਦੀ
ਦੁਵਾਵਾਂ ਬੁੱਧੀਮਾਨ ਹੋਣ ਦੀਆਂ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਇਹ ਜਾਣਦੇ ਹਾਂ ਜਾਂ ਨਹੀਂ ਪਰ ਅਸੀਂ ਸਾਰੇ ਅੰਦਰੋਂ
ਪਰਮਾਤਮਾ ਦੀ ਤਲਬ ਰੱਖਦੇ ਹਾਂ
ਉਸਨੂੰ ਪਾਉਣਾ ਚਾਹੁੰਦੇ ਹਾਂ
ਬਲਕਿ ਸਾਡਾ ਖੁਸ਼ੀ, ਸਕੂਨ,ਤੇ ਪ੍ਰੇਮ ਦੀ ਚਾਹਤ ਰੱਖਣਾ,
ਅਸਲ ਚ ਰੱਬ ਦੀ ਚਾਹ ਰੱਖਣਾ ਹੈ
ਦੋਸਤੋ ਖੁਦ ਨੂੰ ਪਹਿਲਾਂ ਮਿਲਣਾ ਪਏਗਾ
ਫਿਰ ਸਭ ਕੁਝ ਮਿਲੇਗਾ
ਉਮੀਦ ਹੈ ਕੁਝ ਵਕ਼ਤ ਲਈ ਚੁਪ ਹੋਕੇ ਆਪਣੇ ਸਾਹਾਂ ਤੇ
ਧਿਆਨ ਦੇਂਦੇ ਹੋਵੋਗੇ
ਇਹ ਖੁਦ ਕੋਲ ਜਾਣ ਦਾ ਤਰੀਕਾ ਹੈ
ਦੁਵਾਵਾਂ ਆਪਣਾ ਆਪ ਮਿਲਣ ਦੀਆਂ
ਰੱਬ ਸਭ ਭਲਾ ਕਰਦਾ ਪਿਆਰਿਓ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਜਿਸ ਵੀ ਪਲ ਆਪਣੀਆਂ ਕਮੀਆਂ ਨੂੰ ਮੰਨ ਲਈਏ ਭਾਵੇਂ
ਉਹ ਕਿੰਨੀਆਂ ਵੀ ਬੁਰੀਆਂ ਕਿਉਂ ਨਾ ਹੋਣ
ਪਰ ਸਿਰਫ ਸਾਡੇ ਮੰਨਣ ਨਾਲ ਹੀ ਸਾਡੇ ਅੰਦਰ ਦੇ ਗੁਣ ਪੋਸ਼ਿਤ ਹੋਣੇ ,
ਵਧਣੇ ਸ਼ੁਰੂ ਹੋ ਜਾਂਦੇ ਹਨ
ਦੋਸਤੋ ਅਗਰ ਅੰਦਰ ਦੀ ਖੂਬਸੂਰਤੀ ਨੂੰ ਮਿਲਣਾ ਤਾਂ ਆਪਣੇ ਔਗੁਣਾਂ
ਵਾਲੇ ਰੂਪ ਨੂੰ ਚੰਗੀ ਤਰਾਂ ਵੇਖੋ
ਪਿਆਰਿਓ ਹਰ ਇਨਸਾਨ ਆਪਣੀ ਡੂੰਘਾਈ ਚ ਖੂਬਸੂਰਤ ਹੈ
ਬਸ ਪਹੁੰਚੋ ਉਸ ਤੱਕ
ਦੁਵਾਵਾਂ ਸਭ ਨੂੰ ਆਪਣੇ ਪਿਆਰੇ ਰੂਪ ਤੱਕ ਪਹੁੰਚਣ ਦੀਆਂ
ਸ਼ੁਕਰੀਆ ਤੁਹਾਡੇ ਹੋਣ ਦਾ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਆਧੁਨਿਕ ਸਮਾਜ ਦਾ ਸਾਰਾ ਧਿਆਨ ਸਿਰਫ ਦਿਸਦੇ ਭੌਤਿਕ
ਸਮਾਨ ਨੂੰ ਸੱਚ ਮੰਨਕੇ ਸੋਚ ਨੂੰ ਸੀਮਤ ਕਰਨ ਚ ਹੈ
ਪਰ ਦੋਸਤੋ ਸਾਡੇ ਸਰੀਰ ਤੋਂ ਲੈਕੇ ਬਾਕੀ ਦੀ ਵੀ ਹਰ ਦਿਸਦੀ ਚੀਜ਼ ਅੰਤਿਮ ਸੱਚ ਨਹੀਂ ਹੈ
ਬਲਕਿ ਇਹ ਬੜੀ ਆਮ ਸਾਧਾਰਨ ਤੇ ਮੁਢਲੀ ਜਾਣਕਾਰੀ ਹੈ
ਪਿਆਰਿਓ ਬਸ ਭੌਤਿਕ ਸਮਾਨ ਨੂੰ ਸੱਚ ਮੰਨਕੇ ਨਾ ਰੁਕੇ ਰਹੋ
ਚੇਤਨਾ ਦੇ ਸਫ਼ਰ ਤੇ ਤੁਰੋ
ਤੁਹਾਨੂੰ ਤੁਹਾਡੀ ਹੋਂਦ ਦੀ ਸੱਚਾਈ ਪਤਾ ਲੱਗੇਗੀ
ਜੋ ਭੌਤਿਕ ਸਮਾਨ ਵਰਗੀ ਆਮ ਨਹੀਂ ਹੈ
ਉਮੀਦ ਹੈ ਤੁਹਾਨੂੰ ਜਾਨਣ ਦੀ ਚਾਹ ਹੋਵੇਗੀ
ਨਹੀਂ ਤਾਂ ਤੁਸੀਂ ਬਸ ਸਰੀਰਕ ਉਲਝਨ ਚ ਹੀ ਉਲਝੇ ਰਹੋਗੇ
ਦੁਵਾਵਾਂ ਸ਼ਾਨਦਾਰ ਇਨਸਾਨ ਹੋਣ ਦੀਆਂ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸਾਡੇ ਅੰਦਰ ਜੋ ਵੀ ਭਾਵਨਾ ਪੈਦਾ ਹੁੰਦੀ ਹੈ ਉਸਦਾ ਸਭ ਤੋਂ ਪਹਿਲਾ
ਅਸਰ ਸਾਡੇ ਤੇ ਹੀ ਹੁੰਦਾ ਹੈ
ਬੁਰਾਈ, ਚੁਗਲੀ, ਨਿੰਦਿਆ, ਨਫ਼ਰਤ ਜਾਂ ਕ੍ਰੋਧ ਬੇਸ਼ੱਕ
ਦੂਜਿਆਂ ਲਈ ਸਾਡੇ ਅੰਦਰ ਆਉਂਦੇ ਪਰੰਤੂ ਸਭ ਤੋਂ ਪਹਿਲਾ
ਨੁਕਸਾਨ ਇਹ ਸਾਡਾ ਹੀ ਕਰਨਗੇ
ਅਸੀਂ ਆਪਣੀਆਂ ਇਹੋ ਜਿਹੀਆਂ ਭਾਵਨਾਵਾਂ ਤੋਂ
ਖੁਦ ਸਜ਼ਾ ਪਾ ਲੈਂਦੇ ਹਾਂ
ਪਿਆਰਿਓ ਆਓ ਫਿਰ ਕੁਝ ਵੀ ਬੁਰਾ ਜਾਂ ਕ੍ਰੋਧ ,
ਈਰਖਾ ਭਰਿਆ ਮਹਿਸੂਸ ਕਰਨ ਦੀ ਬਜਾਏ ਪ੍ਰੇਮ ,
ਕਰੁਣਾ, ਦਿਆਲੂ ਹੋਣਾ ਤੇ ਸਭ ਲਈ ਸਨਮਾਨ ਦੀ ਭਾਵਨਾ ਜਗਾਈਏ
ਸਾਡੇ ਆਪਣੇ ਆਪ ਲਈ ਵੀ ਫਿਰ ਇਹੋ ਭਾਵਨਾਵਾਂ ਅੰਦਰੋਂ ਪੈਦਾ ਹੋਣਗੀਆਂ
ਦੁਵਾਵਾਂ ਦੋਸਤੋ ਪਿਆਰੇ ਇਨਸਾਨ ਹੋਣ ਦੀਆਂ
ਰੱਬ ਭਲਾ ਕਰਦਾ
ਪ੍ਰੇਮ
ਜੀਓ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਗੁਰੂ ,ਪੀਰਾਂ -ਫਕੀਰਾਂ ਕਿਹਾ ਕਿ ਜਦੋਂ ਕੋਈ ਇਨਸਾਨ ਖ਼ੁਸ਼ ਤੇ ਹੱਸ
ਰਿਹਾ ਹੁੰਦਾ ਤਾਂ ਉਸ ਵਕਤ ਉਸ ਵਲੋਂ ਰੱਬ ਦੀ ਇਬਾਦਤ ( ਤਪੱਸਿਆ )
ਹੋ ਰਹੀ ਹੁੰਦੀ
ਤੇ ਜਦੋਂ ਦੂਸਰਿਆਂ ਨੂੰ ਖ਼ੁਸ਼ ਰੱਖਦਾ ਹਸਾ ਰਿਹਾ ਹੁੰਦਾ ਤਾਂ ਰੱਬ ਖੁਦ
ਉਸ ਇਨਸਾਨ ਲਈ ਉਸ ਵਕਤ ਇਬਾਦਤ ਕਰ ਰਿਹਾ ਹੁੰਦਾ
ਪਿਆਰਿਓ ਹੱਸਣਾ ਵੀ ਧਿਆਨ ਲਾਉਣਾ ਹੈ
ਉਂਜ ਵੀ ਹੱਸਦੇ ਰਹਿਣ ਵਾਲਾ ਆਸਾਨ ਹੋਕੇ ਜੀਂਦਾ ਹੈ
ਤੇ ਆਸਾਨ ਇਨਸਾਨ ਨੂੰ ਕਦੀ ਪ੍ਰੇਸ਼ਾਨੀ ਸਤਾ ਨਹੀਂ ਸਕਦੀ
ਦੋਸਤੋ ਹੱਸੋ ਖੁਦ ਲਈ
ਮਜ਼ੇਦਾਰ ਜੀਣ ਲਈ
ਦੁਵਾਵਾਂ ਤੁਹਾਡੇ ਸਭ ਅੰਦਰੋਂ ਮੌਜ ਜਾਗੇ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਜ਼ਿੰਦਗੀ ਦੇ ਰੁਝੇਵਿਆਂ ਚ ਗਵਾਚੇ ਆਪਣਾ ਆਪ
ਅਕਸਰ ਭੂਲ ਜਾਂਦੇ ਹਾਂ
ਸਾਡਾ ਅਸਲ ਰੂਪ , ਸਾਡੀ ਹੋਂਦ ਦਾ ਅਹਿਸਾਸ ਗੁੰਮ ਹੋ ਜਾਂਦਾ
ਜੀਵਨ ਦੀ ਭੱਜ ਦੌੜ ਚ ।
ਪਿਆਰਿਓ ਤੂਹਾਡੇ ਸਭ ਤੋਂ ਜਿਆਦਾ ਨਜ਼ਦੀਕ ਸਿਰਫ
ਤੂਸੀਂ ਹੋ ਸਕਦੇ ਹੋ
ਮਿਲੋ ਖੁਦ ਨੂੰ
ਗੱਲਾਂ ਕਰੋ ਆਪਣੇ ਆਪ ਨਾਲ
ਪਸੰਦ ਕਰੋ ਆਪਣੇ ਆਪ ਨੂੰ
ਜ਼ਿੰਦਗੀ ਖੂਬਸੂਰਤ ਹੈ
ਦੂਵਾਵਾਂ ਖੁਦ ਨਾਲ , ਜੀਵਨ ਨਾਲ ਪ੍ਰੇਮ ਹੋਣ ਦੀਆਂ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਜੀਵਨ ਹਮੇਸ਼ਾ ਰਹਿਣ ਵਾਲਾ ਹੈ
ਇਸਦੀ ਕੋਈ ਸ਼ੁਰੂਆਤ ਨਹੀਂ ਕੋਈ ਅੰਤ ਨਹੀਂ
ਇਹ ਕਦੀ ਫੁੱਲ ਬਣਦਾ, ਕਦੀ ਰੁੱਖ ਪਰਬਤ , ਕਦੀ ਪਸ਼ੂ ਪੰਛੀ ਤੇ ਕਦੀ ਇਨਸਾਨ
ਸਭ ਕੁਝ ਜੀਵਨ,
ਜਿੰਨਾ ਨਜ਼ਰ ਆ ਰਿਹਾ ਉਹ ਵੀ ਤੇ ਜੋ ਨਹੀਂ ਨਜ਼ਰ ਆ ਰਿਹਾ ਉਥੇ ਵੀ
ਪਿਆਰਿਓ ਜਾਣੋ ਇਹਨੂੰ ਜੀਓ ਇਹਨੂੰ
ਮਾਣ ਲਉ ਇਹਨੂੰ
ਹਰ ਇਨਸਾਨ ਅੰਦਰ ਜਾਨਣ ਦੀ ਪੂਰੀ ਸਮਰੱਥਾ ਹੈ
ਖੁਦ ਨੂੰ ਕਮਜ਼ੋਰ ਸਮਝਣਾ ਵੀ ਬੇਸਮਝੀ ਹੈ
ਵਕ਼ਤ ਹੈ ਹੁਣ ਦੋਸਤੋ
ਅੱਗੇ ਤੁਰੀਏ
ਦੁਵਾਵਾਂ ਤੁਹਾਡੇ ਸਭ ਅੰਦਰ ਜਾਨਣ ਦੀ ਤਲਬ ਜਗੇ
ਸ਼ੁਕਰੀਆ ਤੁਹਾਡੇ ਹੋਣ ਦਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਇਹ ਅਫ਼ਸੋਸ ਵਾਲੀ ਗੱਲ ਹੈ ਕੇ ਜਿਆਦਾਤਰ ਇਨਸਾਨ
ਜ਼ਿੰਦਗੀ ਉਸ ਪੰਛੀ ਵਾਂਗ ਜੀਂਦੇ ਹਨ ਜੋ ਇਕ ਬਿਨਾ
ਦਰਵਾਜ਼ੇ ਜਾਂ ਖੁਲੇ ਦਰਵਾਜ਼ੇ ਦੇ ਪਿੰਜਰੇ ਚ ਕੈਦ ਹੈ
ਤੇ ਸਗੋਂ ਆਜ਼ਾਦ ਹੋਣ ਦੀ ਬਜਾਏ ਪਿੰਜਰੇ ਨੂੰ ਹੋਰ ਸਜਾਉਣ ਤੇ ਲੱਗੇ ਹਨ
ਇਹ ਸਿਰਫ ਆਦਤਾਂ ਦੇ ਗੁਲਾਮ ਇਨਸਾਨਾਂ ਦਾ ਜੀਵਨ ਹੈ
ਦੋਸਤੋ ਕੁਦਰਤ ਨੇ ਤੁਹਾਨੂੰ ਬਾਕਮਾਲ ਬਨਾਇਆ ਹੈ
ਆਪਣੀ ਪੂਰੀ ਤਾਕਤ ਤੇ ਸਮਰੱਥਾ ਦਾ ਇਸਤੇਮਾਲ ਕਰੋ
ਓਨਾ ਹੀ ਪੁਰਾਣੀਆਂ ਆਦਤਾਂ ਤੇ ਕਮੀਆਂ ਪਿੱਛੇ ਲੁਕੇ ਆਪਣੀਆਂ
ਸੰਭਾਵਨਾਵਾਂ ਨਾ ਖ਼ਰਾਬ ਕਰੋ
ਖੂਬਸੂਰਤ ਵਕ਼ਤ ਹੈ,ਬਾਹਰ ਨਿਕਲੋ ਆਦਤਾਂ ਦੇ ਪਿੰਜਰੇ ਚੋ
ਦੁਵਾਵਾਂ ਤੁਸੀਂ ਸਭ ਚੇਤਨਾ ਦੇ ਆਕਾਸ਼ ਚ ਲੰਮੀਆਂ ਉਡਾਰੀਆਂ ਭਰੋ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਪੂਰੇ ਜੀਵਨ ਲਈ ਹੀ ਇਹ ਗੱਲ ਮਾਇਨੇ ਰੱਖਦੀ ਕੇ ਤੁਸੀਂ
ਕਿੰਜ ਦੇ ਇਨਸਾਨਾਂ ਦੇ ਸਾਥ ਚ ਰਹਿੰਦੇ ਹੋ
ਹਰ ਵਕਤ ਨਿਰਾਸ਼ਾ, ਦੁਖ, ਪਰੇਸ਼ਾਨੀ ਦਾ ਜ਼ਿਕਰ ਕਰਦੇ ਰਹਿਣ
ਵਾਲੇ ਲੋਕ ਤੁਹਾਡੀ ਰੂਹ ਨੂੰ ਵੀ ਕਮਜ਼ੋਰ ਕਰਦੇ ਰਹਿਣਗੇ
ਪਿਆਰਿਓ ਤੁਹਾਡੇ ਵਿਕਾਸ, ਖੁਸ਼ਹਾਲੀ ਤੇ ਚੰਗੀ ਸਿਹਤ
ਲਈ ਬੇਹੱਦ ਜ਼ਰੂਰੀ ਕੇ ਉਨ੍ਹਾਂ ਇਨਸਾਨਾਂ ਦੇ ਸਾਥ ਚ
ਰਹੋ ਜੋ ਤੁਹਾਡੇ ਅੰਦਰ ਜੀਣ ਦੀ ਭੁੱਖ ਜਗਾਉਣ
ਤੁਹਾਡੇ ਦਿਲ ਤੱਕ ਪਹੁੰਚਣ
ਤੁਹਾਨੂੰ ਚੰਗੀ ਸੋਚ ਤੇ ਊਰਜਾ ਦੇਂਦੇ ਰਹਿਣ
"ਜੈਸੀ ਸੰਗਤ ਵੈਸੀ ਰੰਗਤ"
ਖੁਦ ਵੀ ਚੰਗੀ ਸੰਗਤ ਚ ਰਹੋ
ਤੇ ਦੂਜੇ ਨੂੰ ਵੀ ਚੰਗੀ ਸੰਗਤ ਦੇਵੋ
ਦੁਵਾਵਾਂ ਸ਼ਾਨਦਾਰ ਇਨਸਾਨ ਹੋਣ ਦੀਆਂ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ ਪਿਆਰੇ ਦੋਸਤੋ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਡਰ ਹਮੇਸ਼ਾ ਕਲਪਨਾ ਚੋ ਨਿਕਲੀ ਭਾਵਨਾ ਹੈ
ਉਹ ਕਲਪਨਾ ਜੋ ਸਿਰਫ ਤੁਹਾਡੇ ਦਿਮਾਗ ਚ ਹੈ
ਜੋ ਕਿਤੇ ਵਾਪਰੀ ਨਹੀਂ
ਤੇ ਨਾ ਹੀ ਵਾਪਰਨ ਦੀ ਸੰਭਾਵਨਾ ਹੈ
ਪਿਆਰਿਓ ਕਲਪਨਾ ਇਨਸਾਨੀ ਦਿਮਾਗ ਦੀ ਖਾਸੀਅਤ ਹੈ
ਇਸਨੂੰ ਚੰਗੇ ਪਾਸੇ ਲਾਓ
ਡਰ ਤੇ ਚੇਤੰਨ ਰਹਿਣ ਚ ਫਰਕ ਹੁੰਦਾ ।
ਡਰੋ ਨਾ, ਚੇਤੰਨ ਰਹੋ
ਮਾੜੇ ਵਿਚਾਰਾਂ ਨੂੰ ਵੇਖੋ, ਆਪਣੀ ਕਲਪਨਾ ਨੂੰ ਵੇਖੋ,
ਕਾਰਨ ਲੱਭੋ ਤੇ ਬਸ ਚੰਗੀ ਕਲਪਨਾ ਕਰੋ
ਡਰ ਕਿਤੇ ਨਹੀਂ ਸਵਾਏ ਦਿਮਾਗ ਦੇ
ਜ਼ਿੰਦਗੀ ਖੂਬਸੂਰਤ ਹੈ ਦੋਸਤੋ
ਇਸਦੀ ਖੂਬਸੂਰਤੀ ਵੱਲ ਸਫ਼ਰ ਕਰੋ
ਦੁਵਾਵਾਂ ਨਿਡਰ ਹੋਣ ਦੀਆਂ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸਾਡੀ ਸ਼ਰਧਾ ਤੇ ਭਗਤੀ ਉਦੋਂ ਹੀ ਸੱਚੀ ਹੁੰਦੀ ਜਦੋਂ ਅਸੀਂ
ਪਰਮਾਤਮਾ ਦੇ ਮਦਦ ਕਰਨ ਵਾਲੇ ਹੱਥ ਬਣ ਜਾਂਦੇ ਹਾਂ
ਤੁਹਾਡੇ ਹਿੱਸੇ ਜੋ ਵੀ ਕੰਮ ਜਾਂ ਕੋਈ ਵੀ ਇਨਸਾਨ, ਗੱਲ,
ਹਲਾਤ ਆ ਜਾਣ ਤੁਸੀਂ ਉਸਨੂੰ ਉਲਝਾਉਣ ਜਾਂ ਖ਼ਰਾਬ ਕਰਨ ਦੀ
ਬਜਾਏ ਜਦੋਂ ਖੂਬਸੂਰਤ ਬਣਾਉਣ ਲੱਗ ਜਾਂਦੇ ਹੋ ਤਾਂ
ਤੁਸੀਂ ਸੱਚੇ ਸ਼ਰਧਾ ਵਾਲੇ ਇਨਸਾਨ ਹੋ ।
ਜਦੋਂ ਤੁਸੀਂ ਇਸ ਧਰਤੀ, ਹਰ ਇਨਸਾਨ, ਜੀਵ-ਜੰਤੂ,
ਤੇ ਕੁਦਰਤ ਪ੍ਰਤੀ ਆਪਣੀ ਜਿੰਮੇਵਾਰੀ ਮੰਨਦੇ ਤੇ
ਹਮੇਸ਼ਾ ਚੰਗਾ ਕਰਨ ਲਈ ਤਿਆਰ ਰਹਿੰਦੇ ਤਾਂ
ਇਸਦਾ ਅਰਥ ਤੁਹਾਡੇ ਅੰਦਰ ਸ਼ਰਧਾ ਹੈ
ਪਿਆਰਿਓ ਪਰਮਾਤਮਾ ਦੇ ਹੱਥ ਬਣੋ
ਇਸ ਧਰਤੀ ਦੇ ਲਈ, ਲੋਕਾਂ ਲਈ, ਤੇ ਸਾਰੀ ਕੁਦਰਤ
ਲਈ ਜੋ ਅੱਛਾ ਕਰ ਸਕਦੇ ਹੋ, ਕਰੋ ।
ਦੁਵਾਵਾਂ ਹਰ ਇਕ ਅੰਦਰੋਂ ਸੱਚੀ ਸ਼ਰਧਾ ਜਾਗੇ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸਾਡਾ ਜੀਵਨ ਸਿਰਫ਼ ਊਰਜਾ ਦਾ ਨਾਟਕ ਹੈ, ਖੇਡ ਹੈ
ਅਸੀਂ ਇਸ ਮਾਨਸਿਕ, ਸਰੀਰਕ ਊਰਜਾ ਦੇ ਨਾਟਕ ਵਿੱਚ
ਆਪਣੇ ਲਾਲਚ, ਮੋਹ, ਈਰਖਾ, ਤੇ ਬਾਹਰੀ ਸੁਖ ਦੀਆਂ
ਖਾਹਿਸ਼ਾਂ ਕਾਰਨ ਉਲਝ ਜਾਂਦੇ ਹਾਂ
ਜਦਕਿ ਇਕ ਪੂਰੇ ਸਮਝਦਾਰ ਇਨਸਾਨ ਨੂੰ
ਇਸ ਊਰਜਾ ਨਾਲ ਖੇਡਣਾ ਆ ਜਾਂਦਾ ਹੈ
ਉਸਨੂੰ ਸਮਝ ਹੁੰਦੀ ਕੇ ਇਹ ਸਿਰਫ ਚੇਤਨਾ ਦਾ, ਅੱਗੇ ਵਧਣ ਦਾ,
ਖੁਦ ਨੂੰ ਜਾਨਣ ਦਾ ਸਫ਼ਰ ਹੋਰ ਕੁਝ ਨਹੀਂ
ਤੇ ਫਿਰ ਪਿਆਰਿਓ ਕੁਝ ਵੀ ਨਹੀਂ ਹੈ ਗੰਭੀਰਤਾ ਵਾਲਾ।
ਧਿਆਨ ਏਹੋ ਚੇਤਨਾ ਜਗਾਉਂਦਾ ਜਿਸ ਨਾਲ ਹਰ ਹਾਲ ਚ
ਇਸ ਨਾਟਕ ਨੂੰ ਮੌਜ ਨਾਲ ਖੇਡਣ ਦੀ ਜਾਚ ਆਉਂਦੀ
ਉਮੀਦ ਹੈ ਦੋਸਤੋ ਤੁਸੀਂ ਦੁੱਖ, ਤਕਲੀਫ਼ ਤੇ ਅਗਿਆਨਤਾ ਦੀ
ਗੰਭੀਰਤਾ ਚੋ ਬਾਹਰ ਆਉਣ ਦੀ ਚਾਹ ਰੱਖਦੇ ਹੋਵੋਗੇ
ਦੁਵਾਵਾਂ ਹਸਮੁੱਖ, ਖੁਸ਼ਹਾਲ ਇਨਸਾਨ ਹੋਣ ਦੀਆਂ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅੱਖਾਂ ਖੁਲੀਆਂ ਹੋਣ ਦਾ ਅਸਲ ਮਤਲਬ ਸਮਝ ਹੋਣਾ ਹੈ ।
ਅਸੀਂ ਜਿਨਾਂ ਚਿਰ ਤੱਕ ਸਮਝ ਵੱਲ ਨਹੀਂ ਤੁਰਦੇ ਉਦੋਂ ਤੱਕ ਸੁੱਤੇ ਹੋਣ ਵਾਂਗ ਹਾਂ
ਰੋਜ਼ਾਨਾ ਅਸੀਂ ਬੜਾ ਕੁਝ ਗ਼ੈਰ ਜ਼ਰੂਰੀ ਫ਼ੋਨ ਤੇ, ਟੈਲੀਵਿਜ਼ਨ ਤੇ ਵੇਖਦੇ ਰਹਿੰਦੇ ਹਾਂ
ਦੂਜਿਆਂ ਦੀ ਜ਼ਿੰਦਗੀ ਚ ਖ਼ਾਹਮਖਾਹ ਦੀ ਨਜ਼ਰ ਟਿਕਾ ਛੱਡ ਦੇ ਹਾਂ
ਕਿਤੋਂ ਨਾ ਕਿਤੋਂ ਨਾਕਾਰਾਤਮਕ, ਜਾਂ ਨਿੰਦਣਯੋਗ ਤੱਕਦੇ ਹਾਂ
ਇਸਦਾ ਮਤਲਬ ਸਾਡੀਆਂ ਅਜੇ ਅੱਖਾਂ ਨਹੀਂ ਖੁਲੀਆਂ
ਨਹੀਂ ਤੇ ਸਾਨੂੰ ਪਤਾ ਹੋਵੇ ਕੇ ਅਸਲ ਚ ਵੇਖਣ ਵਾਲਾ ਕੀ ਹੈ
ਜੋ ਅਰਥਭਰਪੂਰ ਵੀ ਹੈ
ਪਿਆਰਿਓ ਚੇਤਨਾ ਤੇ ਸਮਝ ਸਿਰਫ ਸਭ ਬੇਲੋੜੇ ਨੂੰ
ਪਰਾਂ ਰੱਖਣਾ ਸਖਾਉਂਦੀ ਹੈ
ਆਓ ਚੰਗਾ ਵੇਖੀਏ
ਆਓ ਜਾਗੇ ਹੋਏ ਇਨਸਾਨ ਬਣੀਏ
ਦੁਵਾਵਾਂ ਜ਼ਿੰਦਗੀ ਦੀ ਖੂਬਸੂਰਤੀ ਵੇਖਣ ਦੀਆਂ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਖ਼ੁਸ਼ਹਾਲੀ ਨਾ ਤਾਂ ਇਸ ਗੱਲ ਤੇ ਨਿਰਭਰ ਕਰਦੀ ਕੇ ਤੁਸੀਂ ਕੌਣ ਹੋ,
ਤੇ ਨਾ ਹੀ ਇਹ ਕੇ ਤੁਹਾਡੇ ਕੋਲ ਕੀ ਹੈ, ਕਿੰਨਾ ਹੈ ।
ਖ਼ੁਸ਼ਹਾਲੀ ਦਾ ਸੰਬੰਧ ਸਿਰਫ ਤੁਹਾਡੀ ਸੋਚ ਨਾਲ ਹੈ
ਤੁਹਾਡੇ ਅੰਦਰ ਚਲਦੇ ਵਿਚਾਰਾਂ ਨਾਲ ਹੈ
ਦੋਸਤੋ ਤੁਸੀਂ ਜੋ ਸੋਚੋਗੇ ਦਿਮਾਗ ਉਹ ਰਸਾਇਣ (chemical)
ਬਣਾਏਗਾ ਤੇ ਪੂਰੇ ਸਰੀਰ ਚ ਉਹ ਭਾਵਨਾ ਫੈਲਾ ਦੇਵੇਗਾ
ਪਿਆਰਿਓ ਖੁਸ਼ਹਾਲ ਜ਼ਿੰਦਗੀ ਚਾਹੁੰਦੇ ਹੋ ਤਾਂ ਖੁਸ਼ਨੁਮਾ ਸੋਚ ਨੂੰ ਅਪਣਾਓ
ਸ਼ੁਕਰੀਆ ਤੁਹਾਡੇ ਸਭ ਦੇ ਹੋਣ ਦਾ
ਦੁਵਾਵਾਂ ਤੁਹਾਡੇ ਚਿਹਰੇ ਤੇ ਮੁਸਕੁਰਾਹਟ ਖਿੜੀ ਰਹੇ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਹਰ ਰੋਜ਼ ਨਵਾਂ ਦਿਨ ਹੈ
ਨਵੇਂ ਦਿਨ ਨੂੰ ਨਵੀਂ ਤੇ ਹੋਰ ਬਿਹਤਰ ਸੋਚ ਨਾਲ,
ਭਾਵਨਾ ਨਾਲ ਜੀਓ
ਪਿਛਲੇ ਦਿਨ ਚ ਵਾਪਰਿਆ ਕੁਝ ਵੀ ਬੁਰਾ, ਬੀਤੇ ਸਮੇਂ ਦੀਆਂ ਉਲਝਣਾਂ,
ਪ੍ਰੇਸ਼ਾਨੀਆਂ ਜਾਂ ਖ਼ਰਾਬ ਅਨੁਭਵ ਹੁਣ ਸਿਰਫ ਕੂੜਾ ਹਨ
ਆਪਣੇ ਦਿਮਾਗ ਚ ਪਿਛਲੇ ਦਿਨ ਦਾ ਕੂੜਾ ਨਾ ਚੁਕੀ ਫਿਰੋ
ਨਵੇਂ ਦਿਨ ਚ ਜ਼ਿੰਦਗੀ ਦੀ, ਕੁਦਰਤ ਦੀ, ਤੁਹਾਡੇ ਆਪਣੇ ਆਪ ਦੀ ਖੂਬਸੂਰਤੀ ਨੂੰ ਵੇਖੋ
ਮਹਿਸੂਸ ਕਰੋ
ਆਪਣੀਆਂ ਸੰਭਾਵਨਾਵਾਂ ਵੱਲ ਧਿਆਨ ਦੇਵੋ, ਅੱਗੇ ਵਧੋ
ਬਿਹਤਰ ਬਣੋ
ਦੁਵਾਵਾਂ ਤੁਹਾਨੂੰ ਜੀਣ ਦਾ ਮਜ਼ਾ ਆਵੇ
ਪਿਆਰਿਓ ਸ਼ੁਕਰੀਆ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਕੁਦਰਤ ਦਾ ਸਭ ਤੋਂ ਅਹਿਮ ਕੰਮ ਇਨਸਾਨੀ ਚੇਤਨਾ ਨੂੰ
ਉਚਾ ਚੁੱਕਣ ਦਾ ਹੈ
ਅਸੀਂ ਭਾਵੇਂ ਇਹਨਾਂ ਗੱਲਾਂ ਨੂੰ ਘੱਟ ਅਹਿਮੀਅਤ ਦੇਂਦੇ, ਕਿਤਾਬੀ ਗੱਲ
ਕਹਿਕੇ ਨਜ਼ਰਅੰਦਾਜ਼ ਕਰੀ ਜਾਈਏ ਤਾਂ ਵੀ ਹਰ ਵਕਤ ਕੁਦਰਤ
ਹਰ ਇਨਸਾਨ ਤੇ ਕੰਮ ਕਰ ਰਹੀ ਹੈ
ਦੋਸਤੋ ਅਸੀਂ ਜਦ ਤੱਕ ਸਿੱਖਣ ਵਾਲੇ ਜ਼ਰੂਰੀ ਸਬਕ ਜਾਂ
ਸਮਝ ਨਹੀਂ ਸਿਖਦੇ ਉਦੋਂ ਤੱਕ ਬਾਰ ਬਾਰ ਸਾਡੇ ਨਾਲ ਇੱਕੋ ਜਹੀਆਂ ਘਟਨਾਵਾਂ, ਮੁਸ਼ਕਿਲਾਂ,
ਪ੍ਰੇਸ਼ਾਨੀਆਂ ਵਾਪਰੀ ਜਾਣਗੀਆਂ
ਬਾਰ ਬਾਰ ਦੁੱਖ ਤਕਲੀਫ ਜਾਂ ਇੱਕੋ ਜਿਹੇ ਉਲਝੇ ਹਲਾਤ ਮਿਲ
ਰਹੇ ਤਾਂ ਧਿਆਨ ਦੇਵੋ ਕਿ ਸਿੱਖਣ ਵਾਲਾ ਸਬਕ ਵਿਚੋਂ ਕੀ ਹੈ
ਜਿਸ ਦਿਨ ਸਿੱਖ ਲਿਆ ਓਸੇ ਦਿਨ ਤੋਂ ਬਦਲਾਵ ਸ਼ੁਰੂ
ਪਿਆਰਿਓ ਸ਼ਕਾਇਤ ਕਰੀ ਜਾਣ, ਖੁਦ ਨੂੰ ਬਦਨਸੀਬ
ਕਹਿਣ ਤੇ ਜ਼ਿੰਦਗੀ ਨੂੰ ਕੋਸੀ ਜਾਣ ਤੋਂ ਚੰਗਾ ਸਿੱਖਣ ਵਾਲੀ ਗੱਲ ਸਿੱਖੋ
ਆਪਣੀਆਂ ਕਮੀਆਂ ਵੇਖੋ
ਰੋਜ਼ ਕੁਝ ਹੋਰ ਸ਼ਾਨਦਾਰ ਬਣੋ
ਦੁਵਾਵਾਂ ਜ਼ਿੰਦਗੀ ਨੂੰ ਮੌਜ ਨਾਲ ਜੀਣ ਦੀਆਂ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਪ੍ਰੇਮ ( love ) ਤੇ ਮੋਹ ( attachment ) ਚ ਫ਼ਰਕ ਹੁੰਦਾ ਹੈ
ਪ੍ਰੇਮ ਇਕ ਗੁਣ ਹੈ ਜੋ ਸਿਰਫ ਕਿਸੇ ਇਕ ਆਦਮੀ ਜਾ ਔਰਤ ਤੱਕ ਸੀਮਿਤ ਨਹੀਂ ਬਲਕਿ ਪੂਰੇ
ਜੀਵਨ ਲਈ, ਸਭ ਇਨਸਾਨਾਂ ਲਈ , ਰੁੱਖਾਂ, ਪਰਬਤਾਂ, ਤੇ ਹਰ ਚੀਜ਼ ਲਈ ਭਲਾ ਸੋਚਣਾ ਹੈ
ਜਦਕਿ ਮੋਹ ਦੂਸਰੇ ਨੂੰ ਆਪਣੇ ਤਰੀਕੇ ਨਾਲ ਚਲਾਉਣਾ ਤੇ
ਆਸ ਕਰਨੀ ਕੇ ਦੂਜਾ ਤੁਹਾਨੂੰ ਖੁਸ਼ ਰੱਖੇ ।
ਇਸਤੋਂ ਵੀ ਹੇਠਾਂ ਆਉਂਦਾ ਆਕਰਸ਼ਣ , ਜਦੋ ਅਸੀਂ ਬਸ ਨੈਣ - ਨਕਸ਼ , ਬੋਲ - ਚਾਲ ਤੇ ਕੁਝ
ਆਦਤਾਂ ਤੋਂ ਪ੍ਰਭਾਵਿਤ ਹੋਕੇ ਕਿਸੇ ਨੂੰ ਪਸੰਦ ਕਰਦੇ ਹਾਂ । ਇਹ ਸਿਰਫ ਬਾਹਰੀ ਖਿੱਚ ਹੈ
ਪਿਆਰਿਓ ਪ੍ਰੇਮ ਵਿਕਸਤ ਹੋਣ ਦੀ , ਅੱਗੇ ਵਧਣ ਦੀ ਗੱਲ ਹੈ ।
ਪ੍ਰੇਮ ਇਸ ਗ੍ਰਹਿ ਨੂੰ ਤੇ ਇਥੋਂ ਦੀ ਹਰ ਚੀਜ਼ ਨੂੰ ਖੂਬਸੂਰਤ ਬਣਾਉਣ ਚ ਮਦਦ ਕਰਨਾ ਹੈ । ਜਿਸ
ਦਿਲ ਚ ਪ੍ਰੇਮ ਹੈ ਉਹ ਕਦੀ ਬੁਰਾਈ, ਨਫ਼ਰਤ, ਝੂਠ ,ਨਿੰਦਿਆ ਤੇ ਸਿਰਫ ਆਪਣਾ ਭਲਾ ਸੋਚਣ
ਵਾਲਾ ਇਨਸਾਨ ਨਹੀਂ ਹੁੰਦਾ
ਅਗਰ ਅਜੇ ਤੱਕ ਤੁਹਾਡੇ ਅੰਦਰ ਇਹ ਔਗੁਣ ਹਨ ਤਾਂ ਪ੍ਰੇਮ ਨਹੀਂ ਹੋਇਆ ।
ਦੋਸਤੋ ਇਸ ਫ਼ਰਕ ਨੂੰ ਸਮਝੋ
ਆਪਣੇ ਅੰਦਰ ਪ੍ਰੇਮ ਦਾ ਗੁਣ ਵਿਕਸਤ ਕਰੋ
ਦੁਵਾਵਾਂ ਤੁਹਾਨੂੰ ਇਸ ਬ੍ਰਹਿਮੰਡ ਨਾਲ , ਸਾਰੀ ਧਰਤੀ ਨਾਲ ਪ੍ਰੇਮ ਹੋਵੇ
ਰੱਬ ਭਲਾ ਕਰ ਰਿਹਾ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਹਰ ਇਨਸਾਨ ਅੰਦਰ ਉਡਣ ਦੀ ਚਾਹਤ ਪਲਦੀ ਰਹਿੰਦੀ
ਤੇ ਅਸਲ ਚ ਇਹ ਰੂਹ ਦੀ ਚਾਹਤ ਹੁੰਦੀ। ਉੱਡਣ ਦਾ ਅਰਥ ਆਸਾਨ ਹੋਂਣਾ, ਸੌਖੇ ਹੋ ਜਾਣਾ ਹੈ
ਰੂਹ ਨੂੰ, ਚੇਤਨਾ ਨੂੰ, ਜੀਵਨ ਨੂੰ ਕੋਈ ਸੀਮਾ ਨਹੀਂ ਰੋਕਦੀ , ਬਸ ਅਸੀਂ
ਦਿਮਾਗ ਨੂੰ ਇੰਨਾ ਭਾਰਾ ਕਰਕੇ ਜੀਂਦੇ ਹਾਂ ਕਿ ਸਾਨੂੰ ਉਡਣਾ ਨਾਮੁਮਕਿਨ ਲਗਦਾ
ਪਿਆਰਿਓ ਭਾਰ ਸਿਰਫ ਸੋਚਾਂ ਦਾ ਹੈ, ਫਾਲਤੂ ਵਿਚਾਰਾਂ ਦਾ ਹੈ
ਓਹਨਾ ਨੂੰ ਖੁਦ ਤੋਂ ਪਰਾਂ ਕਰੋ
ਤੁਸੀਂ ਇੰਨੇ ਆਨੰਦ ਚ ਹੋਵੋਗੇ ਕੇ ਤੁਹਾਨੂੰ ਆਪਾ ਹਵਾ ਚ ਤੈਰਦਾ ਮਹਿਸੂਸ ਹੋਊ
ਤੇ ਗੁਰੂ ਪੀਰਾਂ ਅਸਲੀ ਤੰਦਰੁਸਤੀ ਵੀ ਏਸੇ ਅਵਸਥਾ ਨੂੰ ਕਿਹਾ
ਜਦੋ ਆਪਣਾ ਆਪ ਹਵਾ ਚ ਤੈਰਦਾ ਲੱਗੇ
ਦੋਸਤੋ ਚਲੋ ਫਿਰ ਤੰਦਰੁਸਤ ਹੁੰਦੇ ਹਾਂ
ਦੁਵਾਵਾਂ ਉਡਾਰੀ ਭਰਨ ਦੀਆਂ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਜਿਆਦਾ ਖ਼ਰਾਬ ਹਲਾਤ ਕੁਝ ਗ਼ਲਤ ਕਰਨ ਵਾਲੇ ਇਨਸਾਨਾਂ ਕਰਕੇ ਨਹੀਂ ਹੁੰਦੇ ਬਲਕਿ
ਉਹ ਜੋ ਇਸ ਸਭ ਕੁਝ ਨੂੰ ਚੁਪਚਾਪ ਵੇਖਦੇ ਰਹਿੰਦੇ ਤੇ ਇਸਦੇ ਖ਼ਿਲਾਫ਼
ਖੜ੍ਹੇ ਨਹੀਂ ਹੁੰਦੇ ਉਹਨਾਂ ਕਰਕੇ ਹੁੰਦੇ ਹਨ
ਦੋਸਤੋ ਬਹੁਤ ਕੁਝ ਹੈ ਜਿਸ ਲਈ ਅੱਗੇ ਹੋਕੇ ਗੱਲ ਕਰਨ ਦੀ ਲੋੜ ਹੈ
ਇਨਸਾਨੀ ਚੇਤਨਾ ਲਈ ਬੋਲੋ , ਨਸਲਵਾਦ ਖ਼ਿਲਾਫ਼, ਜਾਤਪਾਤ ਖ਼ਿਲਾਫ਼,
ਪਾਣੀ ਬਚਾਉਣ ਲਈ, ਰੁੱਖ ਲਗਾਉਣ ਲਈ, ਅਸਮਾਨਤਾ ਲਈ, ਫਾਇਦਾ ਚੁੱਕਣ ਖ਼ਿਲਾਫ਼,
ਜਨਸੰਖਿਆ ਨੂੰ ਘੱਟ ਕਰਨ ਬਾਰੇ ਤੇ ਹੋਰ ਵੀ ਬਹੁਤ ਕੁਝ ਹੈ ਜੋ ਅਗਰ ਅਸੀਂ ਖੜੇ ਹੋਣਾ ਸ਼ੁਰੂ
ਕਰੀਏ ਤਾਂ ਫਰਕ ਜਰੂਰ ਪਉ
ਪਿਆਰਿਓ ਇਹ ਜੀਵਨ ਸਿਰਫ ਤੁਹਾਡਾ ਨਹੀਂ
ਇਹ ਸਭ ਨਾਲ ਨਿਰਭਰ , ਸਭ ਨਾਲ ਜੁੜਿਆ
ਜਿਥੇ ਵੀ ਕੁਝ ਚੰਗਾ ਕਰ ਸਕਦੇ ਹੋ ਕਰੋ
ਤੁਸੀਂ ਖੁਦ ਲਈ ਹੀ ਚੰਗਾ ਕਰ ਰਹੇ ਹੋਵੋਗੇ
ਦੁਵਾਵਾਂ ਜਾਗਰੂਕ ਹੋਣ ਦੀਆਂ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਅਕਸਰ ਕੰਮ ਨੂੰ ਕਲ ਤੇ ਟਾਲਣ ਦੀ ਆਦਤ ਬਣਾ ਰੱਖਦੇ ਹਾਂ
"ਕਸਰਤ ਕਲ ਤੋਂ ਸ਼ੁਰੂ ਕਰੂ" , " ਸਫ਼ਾਈ ਕਲ ਕਰੂ " ਧਿਆਨ ਕਲ ਤੋਂ ਲਾਊ ,
ਕਿਤਾਬ ਕਲ ਪੜ੍ਹੂ , ਕਲ ਤੋਂ ਜਲਦੀ ਉਠੂ,
ਤੇ ਹੋਰ ਵੀ ਬੜਾ ਕੁਝ ਇੰਜ ਦਾ ਜੋ ਕਲ ਲਈ ਛੱਡਿਆ
ਦੋਸਤੋ ਇਹ ਕਲ ਕਦੀ ਨਹੀਂ ਆਉਣਾ
ਕਲ ਵਰਗਾ ਕੁਝ ਹੁੰਦਾ ਹੀ ਨਹੀਂ ਏ।
ਅੱਜ ਹੈ ਸਿਰਫ
ਜੋ ਕਰਨਾ, ਜਿਸ ਖਰਾਬ ਆਦਤ ਨੂੰ ਬਦਲਣਾ ਅੱਜ ਤੋਂ ਹੀ ਸ਼ੁਰੂ ਕਰੋ ।
ਪਿਆਰਿਓ ਟਾਲਣ ਦੀ ਆਦਤ ਵਾਲਾ ਕਲ ਕਦੀ ਨਹੀਂ ਆਵੇਗਾ
ਬਸ ਤੁਰ ਪਵੋ ਹੁਣ ਤੋਂ ਹੀ
ਦੁਵਾਵਾਂ ਤੁਹਾਡਾ ਸਭ ਦਾ ਅੱਜ ਖੂਬਸੂਰਤ ਹੋਵੇ
ਰੱਬ ਭਲਾ ਕਰਦਾ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਅਕਸਰ ਉਤਸ਼ਾਹ ਲਈ, ਅੱਗੇ ਵਧਣ ਲਈ ਬਾਹਰੋਂ ਕੋਈ
ਵਿਚਾਰ ਜਾਂ ਸੁਨੇਹਾ ਲੱਭਦੇ ਰਹਿੰਦੇ ਹਾਂ
ਅਗਰ ਸਾਨੂੰ ਕੁਝ ਬਾਹਰੋਂ ਵੇਖ ਕੇ, ਪੜ੍ਹ ਕੇ ,
ਸੁਣ ਕੇ ਹੀ ਪ੍ਰੇਰਨਾ ਮਿਲਦੀ ਤਾਂ ਅਸੀਂ ਇਕ ਤਰਾਂ ਨਾਲ ਗੁਲਾਮ ਹਾਂ
ਦੋਸਤੋ ਕਿਸੇ ਨੂੰ ਵੀ ਪਰਮ ਆਤਮਾ ਨੇ, ਜੀਵਨ ਨੇ,
ਅੱਗੇ ਵਧਣ ਦੇ ਉਤਸ਼ਾਹ ਤੋਂ ਵਾਂਝੇ ਨਹੀਂ ਰੱਖਿਆ
ਬਸ ਚੁੱਪ ਚਾਪ ਬੈਠੋ
ਖੁਦ ਨੂੰ ਵੇਖੋ
ਖੁਦ ਨੂੰ ਸੁਣੋ
ਤੁਹਾਨੂੰ ਅੱਗੇ ਵਧਣ ਵਾਲਾ ਸਭ ਕੁਝ ਤੁਹਾਡੇ ਅੰਦਰੋਂ ਲੱਭ ਜਾਊ
ਖੁਦ ਤੇ ਧਿਆਨ ਦੇਵੋ ਪਿਆਰਿਓ
ਚੇਤਨਾ ਲਈ, ਸਮਝ ਲਈ ਕਿਸੇ ਬਾਹਰੀ ਗੱਲ ਤੇ ਨਿਰਭਰ ਨਾ ਹੋਵੋ
ਤੁਸੀਂ ਸਭ ਖੁਦ ਚ ਬਾਕਮਾਲ ਹੋ
ਦੁਵਾਵਾਂ ਖੁਦ ਨੂੰ ਪੂਰੇ ਪਾ ਲੈਣ ਦੀਆਂ
ਰੱਬ ਭਲਾ ਕਰਦਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਜਦੋ ਵੀ ਕਿਸੇ ਗੱਲ ਲਈ ਜਾਂ ਕਿਸੇ ਵਿਵਹਾਰ ਲਈ ਕਾਹਲੀ
ਨਾਲ ਅੱਗੋਂ ਕੋਈ ਜਵਾਬ ਦੇਣ ਲੱਗਾ ਜਾਂ ਕੁਝ ਕਰਨ ਲੱਗੋ ਤਾਂ
ਬਸ ਕੁਝ ਪਲਾਂ ਲਈ ਰੁਕੋ
ਇਹ ਕੁਝ ਪਲਾਂ ਦਾ ਰੁਕਣਾ ਹੀ ਚੇਤਨਾ ਹੈ, ਸਮਝ ਹੈ
ਇਹ ਕੁਝ ਪਲਾਂ ਦਾ ਰੁਕਣਾ ਦੱਸ ਦੇਵੇਗਾ ਕੇ ਕੁਝ ਕਹਿਣ ਜਾ ਕਰਨ
ਦੀ ਲੋੜ ਹੈ ਵੀ ਕੇ ਨਹੀਂ
ਇਕਦਮ ਕਾਹਲੀ ਚ ਪ੍ਰਤੀਕਿਰਿਆ ਕਰਨਾ ਆਦਤ ਦੀ,
ਹੰਕਾਰ ਦੀ, ਕ੍ਰੋਧ ਦੀ ਗੁਲਾਮੀ ਹੈ
ਪਿਆਰਿਓ ਚੇਤਨਾ ਹਮੇਸ਼ਾ ਅਰਾਮ, ਸਬਰ ਨਾਲ ਚੱਲਣ ਦਾ ਨਾਮ
ਕਾਹਲੀ ਹਮੇਸ਼ਾਂ ਆਪਣੇ ਢੰਗ, ਤਰੀਕਿਆਂ ਨੂੰ ਥੋਪਣ ਦਾ ਨਾਮ
ਉਮੀਦ ਹੈ ਅਸੀਂ ਕਾਹਲੀ ਚੋ ਬਾਹਰ ਆਵਾਂਗੇ
ਦੁਵਾਵਾਂ ਸਬਰ ਜਾਗਣ ਦੀਆਂ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਜਿਸ ਵੀ ਜਗ੍ਹਾ ਹੋ ਜਾਂ ਜਿਸ ਹਲਾਤ ਚ ਹੋ ਉਥੇ ਪੂਰੇ
ਧਿਆਨ ਨਾਲ ਤੇ ਪੂਰੇ ਮਨ ਨਾਲ ਹਾਜ਼ਿਰ ਰਹੋ
ਵਕ਼ਤ ਗੁਜ਼ਾਰੀ ਲਈ ਜਾਂ ਅੱਧੇ ਅਧੂਰੇ ਮਨ ਨਾਲ ਨਹੀਂ
ਨਹੀਂ ਤਾਂ ਤੁਸੀਂ ਸਿੱਖਣ ਵਾਲਾ, ਅੱਗੇ ਵਧਣ ਵਾਲਾ ਹਿੱਸਾ ਗਵਾ ਦੇਵੋਗੇ
ਤੁਹਾਡਾ ਪੂਰੀ ਤਰਾਂ ਉਸ ਜਗ੍ਹਾ ਹੋਣਾ ਹੀ ਅਗਲੇ ਪੜਾਅ ਤੇ ਲੈਕੇ
ਜਾਵੇਗਾ
ਪਿਆਰਿਓ ਜਿਥੇ ਹੋ ਪਹਿਲਾਂ ਓਥੇ ਇਕ ਹੋਣਾ ਸਿੱਖੋ
ਜ਼ਿੰਦਗੀ ਨੂੰ ਪੂਰਾ ਜੀਣ ਤੇ ਜਾਨਣ ਲਈ ਇਹ ਜਰੂਰੀ ਹੈ
ਦੁਵਾਵਾਂ ਤੁਸੀਂ ਆਪਣੇ ਆਪ ਨਾਲ ਵਫ਼ਾਦਾਰ ਹੋਵੋ
ਰੱਬ ਭਲਾ ਕਰਦਾ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਅਗਰ ਦੂਜੇ ਇਨਸਾਨ ਲਈ ਖ਼ਰਾਬ ਸ਼ਬਦ ਜਾਂ
ਬੇਇਜ਼ਤ ਕਰਦੇ ਸ਼ਬਦ ਬੋਲਦੇ ਹਾਂ ਤਾਂ ਅਸਲ ਚ ਉਹ
ਸ਼ਬਦ ਸਾਡੇ ਕਿਰਦਾਰ ਬਾਰੇ ਦੱਸ ਰਹੇ ਹੁੰਦੇ ਹਨ
ਅਸਲ ਚ ਅਸੀਂ ਆਪ ਉਹਨਾਂ ਖ਼ਰਾਬ ਸ਼ਬਦਾਂ ਵਰਗੇ ਇਨਸਾਨ ਹੁੰਦੇ ਹਾਂ
ਤੁਹਾਡੇ ਅੰਦਰੋਂ ਆਏ ਸ਼ਬਦ ਤੁਹਾਡਾ ਪਤਾ ਦੱਸ ਰਹੇ ਹਨ
ਦੂਜੇ ਦਾ ਕੋਈ ਅਪਮਾਨ ਨਹੀਂ ਹੋਇਆ
ਤੁਸੀਂ ਖੁਦ ਦਾ ਅਪਮਾਨ ਕੀਤਾ ਇੰਜ
ਪਿਆਰਿਓ ਚੰਗਾ ਬੋਲੋ
ਤੁਹਾਡੇ ਲਫ਼ਜ਼ ਤੁਹਾਡੀ ਪਹਿਚਾਣ ਹਨ
ਦੁਵਾਵਾਂ ਜ਼ੁਬਾਨ ਦੀ ਮਿਠਾਸ ਤੇ ਖੂਬਸੂਰਤ ਲਫ਼ਜ਼ਾਂ ਲਈ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਆਪਣੀਆਂ ਮੁਸ਼ਕਿਲਾਂ, ਦੁੱਖਾਂ, ਪ੍ਰੇਸ਼ਾਨੀਆਂ ਲਈ ਕਿਸੇ ਵੀ
ਤਰਾਂ ਦੇ ਬਾਹਰੀ ਚਮਤਕਾਰ ਦੀ ਉਡੀਕ ਨਾ ਕਰੋ
ਤੁਹਾਡਾ ਹੋਣਾ ਹੀ ਅਸਲ ਚ ਚਮਤਕਾਰ ਹੈ
ਆਪਣੇ ਅੰਦਰ ਦੇ ਜਾਦੂ ਨੂੰ ਪਹਿਚਾਣੋ
ਉਸ ਜਾਦੂ ਦੀ ਪਹਿਚਾਣ ਹਰ ਮੁਸ਼ਕਿਲ ਦਾ ਹੱਲ ਹੈ
ਦੋਸਤੋ ਖੁਦ ਕੋਲ ਚੁਪ ਬੈਠਣਾ ਤੇ ਧਿਆਨ ਲਗਾਉਣਾ ਉਸ
ਅੰਦਰੂਨੀ ਜਾਦੂ ਤੱਕ ਪਹੁੰਚਣ ਦਾ ਤਰੀਕਾ ਹੈ
ਉਮੀਦ ਹੈ ਤੁਸੀਂ ਆਪਣੀ ਸਮਰੱਥਾ ਨੂੰ ਜਾਨਣਾ ਚਾਹੁੰਦੇ ਹੋਵੋਗੇ
ਪਿਆਰਿਓ ਦੁਵਾਵਾਂ ਤੁਹਾਨੂੰ ਆਪਣੇ ਅੰਦਰੋਂ ਬਾਕਮਾਲ ਇਨਸਾਨ ਮਿਲੇ
ਸ਼ੁਕਰੀਆ ਹੋਣ ਲਈ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਮਜ਼ਬੂਤ ਇਨਸਾਨ ਆਪਣੇ ਮੁਸ਼ਕਿਲ ਹਾਲਾਤ ਵਿਚ ਵੀ
ਆਪਣੀ ਜ਼ਿੰਮੇਵਾਰੀ ਤੋਂ ਪਿਛੇ ਨਹੀਂ ਹੱਟਦਾ ।
ਸਾਰੇ ਇਨਸਾਨਾਂ ਲਈ ਜ਼ਰੂਰਤ ਪੈਣ ਤੇ ਇਕ ਦੂਜੇ ਦੀ
ਮਦਦ ਕਰਨਾ ਇਸ ਗ੍ਰਹਿ ਤੇ ਰਹਿਣ ਦਾ ਗੁਣ ਤੇ ਖ਼ੂਬਸੂਰਤ ਤਰੀਕਾ ਹੈ
ਪਿਆਰਿਓ ਜਿਨ੍ਹਾਂ ਵੀ ਹੋ ਸਕੇ ਜਰੂਰਤਮੰਦ ਦੀ ਮਦਦ ਕਰੋ
ਤੁਸੀਂ ਕਮਜ਼ੋਰ ਨਹੀਂ ਹੋ
ਆਪਣੀ ਮਜ਼ਬੂਤੀ ਪਹਿਚਾਣੋ
ਦੁਵਾਵਾਂ ਸ਼ਾਨਦਾਰ ਇਨਸਾਨ ਹੋਣ ਦੀਆਂ
ਰੱਬ ਸਭ ਭਲਾ ਕਰ ਰਿਹਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸ਼ਾਂਤ ਹੋਣ ਵੱਲ ਤੁਰੋ
ਬੇਲੋੜਾ ਨਾ ਬੋਲਦੇ ਰਹੋ
ਓਨਾ ਬੋਲੋ ਜਿੰਨੇ ਦੀ ਜ਼ਰੂਰਤ ਹੈ
ਹੌਲੀ ਹੌਲੀ ਆਪਣੇ ਵਿਚਾਰਾਂ ਦੀ ਉਥਲ ਪੁਥਲ ਨੂੰ ਸ਼ਾਂਤ ਕਰੋ
ਤੇ ਫਿਰ ਜਿਹੜੀ ਚੁਪ ਪੈਦਾ ਹੋਵੇਗੀ ਉਹ ਸਾਡੀ ਹੋਂਦ ਬਾਰੇ ਜਾਗਰੂਕ ਕਰਾਏਗੀ
ਜਾਗਰੂਕਤਾ ਖੁਸ਼ਹਾਲ ਜੀਵਨ ਦੀ ਬੁਨਿਆਦ ਹੈ ਦੋਸਤੋ
ਵਕ਼ਤ ਗੁਜ਼ਾਰੀ ਲਈ ਜਾਂ ਆਦਤਨ ਹੀ ਗੱਲ ਕਰਨ ਦੀ ਆਦਤ ਨੂੰ ਛੱਡੋ
ਖੁਦ ਨੂੰ ਮਿਲੋ
ਸ਼ੁਕਰੀਆ ਪਿਆਰਿਓ
ਦੁਵਾਵਾਂ ਤੁਹਾਡੇ ਚੇਹਰੇ ਦੀ ਮੁਸਕੁਰਾਹਟ ਲਈ
ਰੱਬ ਭਲਾ ਕਰ ਰਿਹਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸਮਝ ਸੱਚਾਈ ਨੂੰ ਬਦਲ ਦੇਂਦੀ ਹੈ
ਅਸੀਂ ਜਿੰਨਾਂ ਗੱਲਾਂ ਨੂੰ ਅੱਜ ਅੰਤਿਮ ਸੱਚ ਮੰਨਦੇ ਹਾਂ ਹੋ ਸਕਦਾ
ਉਹ ਸਾਡੀ ਸਮਝ ਦੀ,ਚੇਤਨਾ ਦੀ , ਜਾਗਰੂਕਤਾ ਦੀ ਕਮੀ ਹੋਵੇ
ਤੇ ਜਦੋਂ ਅਸੀਂ ਚੇਤਨਾ ਵੱਲ ਤੁਰੀਏ ਤੇ ਉਹ ਸੱਚ ਲੱਗਣ
ਵਾਲੀਆਂ ਗੱਲਾਂ ਦੇ ਭੁਲੇਖੇ ਦੂਰ ਹੋ ਜਾਣ
ਦੋਸਤੋ ਸਮਝ ਤੇ ਚੇਤਨਾ ਵੱਲ ਤੁਰੋ
ਕਿਸੇ ਗੱਲ ਤੇ ਪੱਕੇ ਹੋਕੇ ਨਾ ਬੈਠੋ
ਕੁਦਰਤ ਦਾ ਨਿਯਮ ਬਦਲਾਵ ਦਾ ਹੈ
ਅਸਲ ਹਕੀਕਤ ਕੱਟੜ ਨਹੀਂ ਹੁੰਦੀ
ਦੁਵਾਵਾਂ ਖੂਬਸੂਰਤ ਜ਼ਿੰਦਗੀ ਦੀਆਂ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸ਼ੁਕਰਗੁਜ਼ਾਰ ਹੋਵੋ ਜੋ ਵੀ ਸੁਨੇਹੇ, ਭਾਵਨਾਵਾਂ, ਮੁਸ਼ਕਿਲਾਂ,
ਤੇ ਪ੍ਰੇਸ਼ਾਨੀਆਂ ਆ ਰਹੀਆਂ ਹੋਣ
ਕਿਉਂ ਕੇ ਇਹ ਸਭ ਰੱਬ ਵਲੋਂ ਸਾਨੂੰ ਰਸਤਾ ਵਖਾਉਣ ਦਾ ਤਰੀਕਾ ਹੈ
ਅਗਰ ਅਸੀਂ ਬਸ ਕੋਸਣ ਚ ਤੇ ਜਾਂ ਸ਼ਕਾਇਤ ਕਰਨ ਚ
ਸਮਾਂ ਗਵਾ ਛੱਡਿਆ ਤਾਂ ਜਿਸ ਕਰਕੇ ਇਹ ਸੁਨੇਹੇ ਆ
ਰਹੇ ਉਸ ਸਮਝ ਤੱਕ ਅਸੀਂ ਨਹੀਂ ਪਹੁੰਚ ਸਕਾਂਗੇ
ਮੁਸ਼ਕਿਲਾਂ ਦਾ ਵੀ ਸ਼ੁਕਰ ਕਰੋ
ਇਹ ਸਭ ਕੁਝ ਜ਼ਰੂਰੀ ਹੈ
ਇਹ ਸਭ ਕੁਦਰਤ ਦੇ ਢੰਗ ਤਰੀਕੇ ਸਾਨੂੰ ਸਮਝਾਉਣ ਦੇ
ਪਿਆਰਿਓ ਧਿਆਨ ਦੇਵੋ ਕੀ ਸਿਖਾਇਆ ਜਾ ਰਿਹਾ
ਦੁਵਾਵਾਂ ਜ਼ਿੰਦਗੀ ਖੂਬਸੂਰਤ ਹੋਣ ਦੀਆਂ
ਤੁਹਾਡੇ ਸਭ ਦੇ ਹੋਣ ਦਾ ਸ਼ੁਕਰੀਆ
ਰੱਬ ਭਲਾ ਕਰ ਰਿਹਾ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸਾਡੀ ਜ਼ਿੰਦਗੀ ਵਿਚ ਜੋ ਵੀ ਚਲਦਾ ਉਹ ਸਿਰਫ ਸਾਡੀ
ਮਰਜ਼ੀ ਨਾਲ ਚੱਲ ਰਿਹਾ ਹੁੰਦਾ ਹੈ
ਅਸੀਂ ਜਿਸ ਵੀ ਮੁਸ਼ਕਿਲ, ਪ੍ਰੇਸ਼ਾਨੀ ਚ ਜਾਂ ਔਖੇ ਹਾਲਾਤ ਚ
ਹੁੰਦੇ ਹਾਂ ਆਪਣੀ ਮਰਜ਼ੀ ਨਾਲ ਹੁੰਦੇ ਹਾਂ
ਕੁਦਰਤ ਦਾ ਨਿਯਮ ਕੇ ਅਸੀਂ ਜਿਸ ਵੀ ਗੱਲ ਨੂੰ,
ਹਾਲਾਤ ਨੂੰ ਪੂਰੇ ਮਨੋਂ ਇਨਕਾਰ ਕਰੀਏ ਉਹ ਬਦਲ ਸਕਦਾ ਹੈ
ਅਸਲ ਚ ਅਸੀਂ ਬਦਲਾਵ ਲਈ ਜਿਨੀ ਮੇਹਨਤ ਤੇ ਇੱਛਾ
ਸ਼ਕਤੀ ਚਾਹੀਦੀ ਉਸ ਨੂੰ ਕਰਨ ਲਈ ਤਿਆਰ ਨਹੀਂ ਹੁੰਦੇ
ਇਸ ਕਰਕੇ ਜੋ ਚਲਦਾ ਉਸ ਚ ਦੁਖੀ ਹੋਏ ਵੀ ਚੱਲੀ ਜਾਣ ਦੇਂਦੇ ਹਾਂ
ਪਿਆਰਿਓ ਆਪਣੀ ਪੂਰੀ ਇੱਛਾ ਤੇ ਦ੍ਰਿੜ ਸੰਕਲਪ ਨਾਲ
ਇਨਕਾਰ ਕਰੋ ਖ਼ਰਾਬ ਹਲਾਤਾਂ ਤੋਂ
ਦੁਖ ਤਕਲੀਫ਼ ਨੂੰ ਹਮਦਰਦੀ ਲੈਣ ਲਈ ਤੇ ਆਪਣੀ ਹੋਂਦ
ਮਹਿਸੂਸ ਕਰਾਉਣ ਲਈ ਨਾ ਵਰਤੋਂ
ਬਾਹਰ ਨਿਕਲੋ ਇੰਜ ਦੀ ਗੁਲਾਮੀ ਚੋ
ਤੁਹਾਨੂੰ ਸਭ ਨੂੰ ਖੁਦ ਦੇ ਭਾਰੀਪਨ ਤੋਂ ਆਜ਼ਾਦ ਹੋਣ ਦੀਆਂ ਦੁਵਾਵਾਂ
ਰੱਬ ਭਲਾ ਕਰ ਰਿਹਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸਾਡੀ ਦੁਨੀਆਂ ਰੰਗ, ਨਸਲ, ਜ਼ਾਤ, ਧਰਮ ਚ ਨਹੀਂ ਬਲਕਿ
ਸਮਝਦਾਰ ਤੇ ਮੂਰਖਾਂ ਚ ਵੰਡੀ ਹੋਈ ਹੈ
ਮੂਰਖਾਂ ਨੇ ਅੱਗੋਂ ਜ਼ਾਤ, ਧਰਮ, ਰੰਗ ਦਾ ਮਸਲਾ ਬਣਾਇਆ ਹੈ
ਪਿਆਰਿਓ ਆਓ ਹੁਣ ਮਿਲਕੇ ਫਿਰ ਤੋਂ ਇਕ
ਬੇਹਤਰ ਦੁਨੀਆਂ ਬਣਾਉਂਦੇ ਹਾਂ
ਸਮਝਦਾਰ ਬਣੀਏ
ਮੂਰਖਤਾ ਫੈਲਾਉਂਦੀ ਹਰ ਗੱਲ, ਤੇ ਮੂਰਖਾਂ ਦੀਆਂ
ਪਾਈਆਂ ਵੰਡਾਂ ਨੂੰ ਸਮਝੀਏ ਤੇ ਇਹਨਾਂ ਤੋਂ ਬਾਹਰ ਆਈਏ
ਦੋਸਤੋ ਚਲੋ ਦੁਨੀਆਂ ਦੀ, ਇਨਸਾਨਾਂ ਦੀ,
ਇਸ ਧਰਤੀ ਦੀ ਖ਼ੂਬਸੂਰਤੀ ਲਈ ਮਿਲਕੇ ਯਤਨ ਕਰੀਏ
ਦੁਵਾਵਾਂ ਬੁਧਿਮਤਾ ਸਾਡੇ ਤੇ ਕਿਰਪਾ ਕਰੇ, ਜਗੇ ਸਾਡੇ ਸਭ ਵਿੱਚ
ਰੱਬ ਸਭ ਭਲਾ ਕਰ ਰਿਹਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਸਭ ਕਿਤੇ ਨਾ ਕਿਤੇ ਗ਼ਲਤੀਆਂ ਕਰ ਚੁੱਕੇ ਹੁੰਦੇ ਹਾਂ
ਪਰ ਸਿਰਫ ਏਨੇ ਨਾਲ ਕੇ ਦੂਜੇ ਦੀਆਂ ਗ਼ਲਤੀਆਂ ਤੁਹਾਡੇ
ਤੋਂ ਵੱਖਰੀਆਂ ਨੇ, ਉਹ ਜਿਆਦਾ ਗੁਨਾਹਗਾਰ ਤੇ
ਤੁਸੀਂ ਉੱਤਮ ਨਹੀਂ ਹੋ ਸਕਦੇ
ਦੂਜੇ ਦੀਆਂ ਭੁੱਲਾਂ ਨੂੰ ਆਪਣੀਆਂ ਭੁੱਲਾਂ ਵਾਂਗ ਵੇਖੋ
ਤੇ ਜਿਵੇਂ ਦਾ ਸਲੂਕ ਖੁਦ ਨਾਲ ਕਰਦੇ ਹੋ ਦੂਜੇ ਨਾਲ ਕਰੋ
ਦਿਆਲੂ ਹੋਵੋ
ਸਭ ਸਫ਼ਰ ਤੇ ਹਨ, ਨਫਰਤ ਨਾ ਕਰੋ
ਤੁਸੀਂ ਵੇਖੋ ਕੁਝ ਚੰਗਾ ਕਿੰਜ ਕਰ ਸਕਦੇ ਹੋ
ਦੁਵਾਵਾਂ ਸ਼ਾਨਦਾਰ ਇਨਸਾਨ ਹੋਣ ਦੀਆਂ
ਸ਼ੁਕਰੀਆ ਪਿਆਰੇ ਦੋਸਤੋ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸਾਡੇ ਅੰਦਰੋਂ ਪੂਰੀ ਤਰਾਂ ਚੇਤਨਾ ਜਗਾਉਣ ਲਈ,
ਇਹ ਵੀ ਕੁਦਰਤ ਦਾ ਇਕ ਤਰੀਕਾ ਕੇ ਇਨਸਾਨ
ਨੂੰ ਔਖਾ ਸਮਾਂ ਦਿੱਤਾ ਜਾਵੇ
ਅਕਸਰ ਇਨਸਾਨ ਔਖੇ ਸਮੇਂ ਕਾਰਨ ਹੀ ਖੁਦ ਨੂੰ
ਜਿਆਦਾ ਡੂੰਘਾਈ ਚ ਵੇਖ ਪਾਉਂਦਾ ਤੇ ਸਾਫ਼ ਵੇਖਣ ਦੀ ਜਾਚ ਵੀ ਸਿੱਖਦਾ
ਪਿਆਰਿਓ ਫਿਰ ਇਸ ਮੁਸ਼ਕਿਲ ਵਕ਼ਤ ਦਾ ਵੀ ਸੋਹਣਾ ਇਸਤੇਮਾਲ ਕਰੋ
ਇਹ ਸਾਨੂੰ ਕੋਈ ਸਮਝ ਦੇ ਰਿਹਾ ਹੋਵੇਗਾ, ਜਗਾ ਰਿਹਾ ਹੋਵੇਗਾ
ਧਿਆਨ ਦੇਵੋ, ਖੁਦ ਨੂੰ ਜੋ ਚੰਗਾ ਸਿਖਾ ਸਕਦੇ ਹੋ ਸਖਾਓ
ਦੁਵਾਵਾਂ ਜ਼ਿੰਦਗੀ ਦੀ ਖੂਬਸੂਰਤੀ ਲਈ
ਰੱਬ ਸਭ ਭਲਾ ਕਰਦਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਕਸ਼ਟ, ਦੁੱਖ ਜਾਂ ਕੋਈ ਵੀ ਤਕਲੀਫ਼ ਅਸਲ ਚ ਕਦੀ
ਵੀ ਨਹੀਂ ਸਾਨੂੰ ਫੜ੍ਹ ਕੇ ਰੱਖਦੀ
ਬਲਕਿ ਅਸੀਂ ਕਸ਼ਟ ਨੂੰ, ਤਕਲੀਫ਼ ਨੂੰ ਫੜ੍ਹ ਛੱਡਦੇ ਹਾਂ
ਦੋਸਤੋ ਅਸੀਂ ਮਾਨਸਿਕ ਤੌਰ ਤੇ ਉਸ ਦੁੱਖ ਰਾਹੀਂ
ਆਪਣੀ ਹੋਂਦ ਮਹਿਸੂਸ ਕਰਨ ਲੱਗ ਪੈਂਦੇ ਹਾਂ,
ਅਸੀਂ ਹਮਦਰਦੀ ਵਜੋਂ ਵੀ ਤੇ ਇਕ ਰੁਝੇਵੇਂ ਵਾਂਗ ਵੀ
ਇਸਨੂੰ ਵਰਤਣ ਲੱਗ ਪੈਂਦੇ ਹਾਂ
ਜਦਕਿ ਸਾਡੇ ਅੰਦਰ ਕੁਦਰਤ ਵਲੋਂ ਪੂਰਾ ਪ੍ਰਬੰਧ ਹੈ ਕੇ
ਅਸੀਂ ਖੁਦ ਨੂੰ ਕਿਸੇ ਵੀ ਤਰਾਂ ਦੀ ਤਕਲੀਫ਼ ਚੋ ਬਾਹਰ ਕੱਢ ਲਈਏ
ਪਿਆਰਿਓ ਕਸ਼ਟ ਨੂੰ ਕਦੀ ਵੀ ਆਕਰਸ਼ਣ ਨਾ ਬਣਨ ਦੇਵੋ
ਦੁਵਾਵਾਂ ਤੁਹਾਡੀ ਰੂਹ ਤੇ ਵਜੂਦ ਦੀ ਤੰਦਰੁਸਤੀ ਦੀਆਂ
ਮੁਸਕੁਰਾਓ ਆਪਣੇ ਆਪ ਲਈ
ਜ਼ਿੰਦਗੀ ਹਮੇਸ਼ਾ ਖ਼ੂਬਸੂਰਤ ਹੈ
ਰੱਬ ਭਲਾ ਕਰ ਰਿਹਾ
ਤੁਹਾਡੇ ਘਰ ਬਾਰ ਰੋਸ਼ਨ ਰਹਿਣ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸਾਡੀ ਖੁਰਾਕ ਸਿਰਫ ਭੋਜਨ ਦੇ ਰੂਪ ਚ ਹੀ ਨਹੀਂ ਬਲਕਿ
ਅਸੀਂ ਕੀ ਸੁਣ ਰਹੇ ਹਾਂ, ਕੀ ਵੇਖ ਰਹੇ ਹਾਂ, ਕੀ ਪੜ੍ਹਦੇ ਹਾਂ,
ਕਿੰਜ ਦੇ ਲੋਕਾਂ ਨੂੰ ਮਿਲਦੇ ਹਾਂ ਤੇ ਉਹਨਾਂ ਲੋਕਾਂ ਨਾਲ
ਕਿੰਜ ਦੀਆਂ ਗੱਲਾਂ ਕਰ ਰਹੇ ਹਾਂ,
ਇਹ ਸਭ ਵੀ ਸਾਡੇ ਅੰਦਰ ਜਾ ਰਿਹਾ ਹੈ ਤੇ ਜਿਵੇਂ ਭੋਜਨ
ਸਾਡੇ ਸਰੀਰ ਨੂੰ ਵਿਕਸਤ ਕਰਦਾ ਉਂਜ ਹੀ ਇਹ ਬਾਕੀ
ਸਭ ਕੁਝ ਵੀ ਸਾਡੀ ਸੋਚ ਤੇ ਜ਼ਿੰਦਗੀ ਨੂੰ ਬਣਾਉਂਦਾ ਹੈ
ਦੋਸਤੋ ਧਿਆਨ ਦੇਵੋ ਖੁਦ ਤੇ
ਵੇਖੋ ਗੌਰ ਨਾਲ ਕੇ ਕਿਤੇ ਦੂਜਿਆਂ ਰਾਹੀਂ,
ਫ਼ੋਨ ਰਾਹੀਂ ਤੁਹਾਡੇ ਅੰਦਰ ਖ਼ਰਾਬ ਤੇ
ਨਾਕਰਤਮਕ ਤਾਂ ਨਹੀਂ ਜਾ ਰਿਹਾ
ਚੇਤੰਨ ਰਹੋ ਸਭ ਕੁਝ ਲਈ
ਪਿਆਰਿਓ ਆਪਣੇ ਲਈ ਤੰਦਰੁਸਤੀ ਵਾਲਾ ਮਾਹੌਲ ,
ਭੋਜਨ , ਲੋਕ  ਤੇ ਗੱਲਾਂ ਚੁਣੋ
ਦੁਵਾਵਾਂ ਰੋਸ਼ਨ ਹੋਣ ਦੀਆਂ
ਰੱਬ ਭਲਾ ਕਰਦਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸਫਲਤਾ ਇਸ ਗੱਲ ਨਾਲ ਨਹੀਂ ਮਿਲਦੀ ਕੇ ਤੁਸੀਂ
ਸਫਲਤਾ ਨੂੰ ਚਾਹੁੰਦੇ ਹੋ
ਬਲਕਿ ਸਫਲਤਾ ਸਹੀ ਕੰਮਾਂ ਨੂੰ ਸਹੀ ਵਕ਼ਤ ਤੇ ਸਹੀ ਤਰੀਕੇ
ਨਾਲ ਕਰਨ ਕਾਰਨ ਮਿਲਦੀ ਹੈ
ਸਫ਼ਲਤਾ ਦਾ ਸਫ਼ਰ ਤਾਂ ਤੁਹਾਡੇ ਸਵੇਰੇ ਜਾਗਣ ਤੋਂ ਹੀ ਸ਼ੁਰੂ ਹੋ ਜਾਂਦਾ ਹੈ ।
ਤੁਸੀਂ ਕਦੋ ਜਾਗਦੇ ਹੋ , ਉਠਕੇ ਸਭ ਤੋਂ ਪਹਿਲੇ ਵਿਚਾਰ ਕੀ ਨੇ,
ਸਭ ਤੋਂ ਪਹਿਲਾਂ ਸਵੇਰੇ ਕਿੰਜ ਦੇ ਕੰਮ ਕਰਦੇ ਹੋ ।
ਪਿਆਰਿਓ ਉਠਕੇ ਸਭ ਤੋਂ ਪਹਿਲਾਂ ਆਪਣਾ ਬਿਸਤਰਾ ਸਾਫ
ਕਰਨਾ ਤੇ ਤਹਿ ਲਗਾਉਣਾ ਵੀ ਸਫ਼ਲਤਾ ਦੀ ਸ਼ੁਰੂਆਤ ਹੈ
ਦਿਨ ਚੜ੍ਹਨ ਦਾ ਸ਼ੁਕਰੀਆ ਕਰਨਾ ਵੀ ਸਫ਼ਲਤਾ ਦੀ ਸ਼ੁਰੂਆਤ ਹੈ
ਜਦੋ ਦਿਨ ਚੰਗੇ ਤਰੀਕੇ ਨਾਲ ਤੇ ਸਹੀ ਭਾਵਨਾ ਨਾਲ ਸ਼ੁਰੂ
ਹੋਵੇਗਾ ਤਾਂ ਸਭ ਕੁਝ ਸਹੀ ਹੋਂਣਾ ਸ਼ੁਰੂ ਹੋ ਜਾਵੇਗਾ
ਸਫ਼ਲਤਾ ਲਈ ਨਿੱਕੀਆਂ ਨਿੱਕੀਆਂ ਗੱਲਾਂ ਤੇ ਧਿਆਨ
ਦੇਵੋ ਤੇ ਉਹਨਾਂ ਨੂੰ ਸਹੀ ਵੀ ਕਰੋ
ਦੁਵਾਵਾਂ ਉਸ ਸਫ਼ਲਤਾ ਦੀਆਂ ਜੋ ਮਾਨਸਿਕ ਤੇ ਸਰੀਰਕ
ਤੰਦਰੁਸਤੀ ਵੀ ਲੈਕੇ ਆਉਂਦੀ ਹੈ
ਖ਼ੁਸ਼ ਰਹੋ ਖੂਬਸੂਰਤ ਦੋਸਤੋ
ਰੱਬ ਭਲਾ ਕਰ ਰਿਹਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਸਭ ਇਸ ਬ੍ਰਹਿਮੰਡ ਚ ਵਿਦਿਆਰਥੀ ਹਾਂ
ਵਿਦਿਆਰਥੀ ਮਤਲਬ ਜੋ ਸਿੱਖਣ ਵਾਲਾ ਹੈ, ਵਿਦਿਆਰਥੀ
ਜੋ ਖੁਦ ਨੂੰ ਖ਼ਾਲੀ ਕਰਕੇ ਜਾਨਣ ਲਈ ਤਿਆਰ ਹੈ,
ਵਿਦਿਆਰਥੀ ਭਾਵ ਜਿਸ ਚ ਇਹ ਹੰਕਾਰ ਨਹੀਂ ਕੇ ਉਸਨੂੰ ਪਹਿਲਾਂ ਹੀ ਪਤਾ ਹੈ
ਦੋਸਤੋ ਚੇਤਨਾ ਦਾ, ਸਮਝ ਦਾ, ਬੁਧਿਮਤਾ ਦਾ
ਤਰੀਕਾ ਹੈ ਵਿਦਿਆਰਥੀ ਹੋਣਾ ।
ਜਦੋਂ ਅਸੀਂ ਪੂਰੇ ਮਨ ਤੋਂ ਸਿੱਖਣ ਲਈ ਤਿਆਰ ਹੁੰਦੇ ਹਾਂ
ਤੇ ਕੁਦਰਤ ਕਿਸੇ ਨਾ ਕਿਸੇ ਰੂਪ ਚ ਗੁਰੂ ਵੀ ਭੇਜਦੀ ਹੈ
ਪਿਆਰੇ ਦੋਸਤੋ ਖ਼ਾਲੀ ਹੋਵੋ
ਤਾਂ ਜੋ ਸਿੱਖਣ ਲਈ ਸਾਡੇ ਅੰਦਰ ਜਗ੍ਹਾ ਹੋਵੇ
ਤਾਂ ਜੋ ਸਿਖਾਉਣ ਵਾਲਾ ਵੀ ਸਾਡੇ ਤੱਕ ਪਹੁੰਚ ਸਕੇ
ਦੁਵਾਵਾਂ ਆਸਾਨ ਹੋਣ ਦੀਆਂ, ਚੰਗਾ ਵਿਦਿਆਰਥੀ ਹੋਣ ਦੀਆਂ
ਰੱਬ ਕਰੇ ਕੁਦਰਤ ਦੀ ਰੌਸ਼ਨੀ ਤੁਹਾਡੀ ਨਜ਼ਰ ਚ ਚਮਕੇ
ਸਭ ਭਲਾ ਹੋ ਰਿਹਾ ਪਿਆਰਿਓ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸੀਂ ਅਕਸਰ ਦੁਨੀਆਂ ਤੇ ਇਨਸਾਨਾਂ ਨੂੰ ਬਦਲਣ ਚ ਲੱਗੇ ਰਹਿੰਦੇ ਹਾਂ
ਸਾਨੂੰ ਰੱਬ ਤੋਂ ਲੈਕੇ ਕਿਸਮਤ ਤੱਕ
ਸਰਕਾਰ ਤੋਂ ਲੈਕੇ ਗੁਵਾਢੀਆਂ ਤੱਕ
ਦੋਸਤਾਂ ਤੋਂ ਲੈਕੇ ਆਪਣੇ ਪਰਿਵਾਰਾਂ ਤੱਕ
ਤੇ ਹੋਰ ਵੀ ਕਈ ਕੁਦਰਤੀ ਗੱਲਾਂ ਤੱਕ ਨਾਲ ਜਿਆਦਾਤਰ
ਸ਼ਕਾਇਤਾਂ ਹੀ ਰਹਿੰਦੀਆਂ ਹਨ
ਪਿਆਰੇ ਦੋਸਤੋ ਕਦੀ ਖੁਦ ਤੇ ਧਿਆਨ ਦਿੱਤਾ
ਕਿ ਅਸੀਂ ਕਿੰਨਾ ਕੁ ਸਹੀ ਹਾਂ
ਕਿ ਅਸੀਂ ਇਸ ਗ੍ਰਹਿ ਤੇ ਰਹਿਕੇ ਚੰਗੇ ਕੰਮ, ਚੰਗੀਆਂ ਗੱਲਾਂ
ਤੇ ਜ਼ਿਮੇਵਾਰੀ ਵਾਲਾ ਵਿਵਹਾਰ ਕਰ ਰਹੇ ਹਾਂ
ਦੋਸਤੋ ਜੋ ਵੀ ਬਦਲਾਵ ਦੂਸਰੇ ਚ ਵੇਖਣਾ ਚਾਹੁੰਦੇ ਹੋ ਖੁਦ ਚ ਕਰੋ
ਕੁਦਰਤ ਦਾ ਨਿਯਮ ਕੇ ਕੋਈ ਇਕ ਵੀ ਚੰਗੇ ਗੁਣਾਂ ਨੂੰ ਜਗਾ ਲਉ
ਤਾਂ ਉਸਨੂੰ ਵੇਖਕੇ ਦੂਸਰੇ ਵੀ ਉਸ ਗੁਣ ਨੂੰ ਜਗਾਉਣ ਦੀ ਚਾਹਤ ਕਰਨਗੇ
ਸ਼ਕਾਇਤ ਛੱਡੋ, ਖੁਦ ਨੂੰ ਬਦਲੋ
ਸਭ ਕੁਝ ਬਦਲੇਗਾ
ਦੁਵਾਵਾਂ ਸਭ ਅੰਦਰ ਬਦਲਾਵ ਦੀ ਕ੍ਰਾਂਤੀ ਵਾਪਰੇ
ਖੁਸ਼ ਰਹੋ
ਰੱਬ ਭਲਾ ਕਰ ਰਿਹਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਭਲਾ ਇਨਸਾਨ ਹਮੇਸ਼ਾ ਸਫਲ ਇਨਸਾਨ ਹੁੰਦਾ
ਅਸਫ਼ਲਤਾ ਕਿਸੇ ਨਾ ਕਿਸੇ ਤਰਾਂ ਦੀ ਲਾਪਰਵਾਹੀ
ਜਾਂ ਔਗੁਣ ਦੀ ਦੇਣ ਹੈ
ਪਰਵਾਹ ਕਰੋ, ਜੀਵਨ ਦੀ ਕਦਰ ਕਰੋ , ਖੁਦ ਚ ਪਿਆਰੇ
ਇਨਸਾਨ ਦੇ ਗੁਣ ਜਗਾਓ ਤੇ ਫਿਰ ਚਾਹੇ ਜਿਸ ਵੀ
ਖੇਤਰ ਚ ਕੰਮ ਕਰੋਗੇ ਸਫ਼ਲ ਹੋਵੋਗੇ
ਦੁਵਾਵਾਂ ਦੋਸਤੋ ਜ਼ਿੰਦਗੀ ਦੀ ਖ਼ੁਸ਼ਹਾਲੀ, ਸਕੂਨ,
ਤੰਦਰੁਸਤੀ ਤੇ ਸਫ਼ਲਤਾ ਤੁਹਾਡੇ ਜੀਵਨ ਨੂੰ ਸ਼ਾਨਦਾਰ ਬਣਾਵੇ
ਸ਼ੁਕਰੀਆ ਤੁਹਾਡੇ ਹੋਣ ਦਾ
ਤੁਹਾਡੇ ਸਭ ਦੇ ਵੇਹੜੇ ਹੱਸਦੇ ਵਸਦੇ ਰਹਿਣ
ਰੱਬ ਭਲਾ ਕਰ ਰਿਹਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਸਿਰਫ਼ ਆਪਣੀ ਪਸੰਦ ਦੇ ਹਿਸਾਬ ਨਾਲ ਕੰਮ ਕਰਨਾ
ਜੀਵਨ ਜਿਊਣ ਦਾ ਕੋਈ ਖ਼ੂਬਸੂਰਤ ਤਰੀਕਾ ਨਹੀਂ ਹੈ
ਬਲਕਿ ਇਸ ਧਰਤੀ ਨੂੰ, ਸਭ ਇਨਸਾਨਾਂ ਨੂੰ ਤੇ ਪੂਰੇ ਸੰਸਾਰ ਨੂੰ
ਜੋ ਕੁਝ ਦੀ ਜ਼ਰੂਰਤ ਹੈ ਉਹ ਕੰਮ ਕਰਨੇ ਸ਼ਾਨਦਾਰ ਜੀਵਨ ਢੰਗ ਹੈ
ਸਿਰਫ਼ ਆਪਣੀ ਪਸੰਦ ਦੇ ਹਿਸਾਬ ਨਾਲ ਚਲਣਾ ਗੁਲਾਮੀ ਹੈ
ਆਜ਼ਾਦ ਇਨਸਾਨ ਸਭ ਲਈ ਸੋਚਦਾ ਹੈ
ਭਲੇ ਲਈ ਸੋਚਦਾ ਹੈ
ਪਿਆਰਿਓ ਉਹ ਕਰੋ ਜਿਸ ਦੀ ਇਸ ਗ੍ਰਹਿ ਨੂੰ ਜ਼ਰੂਰਤ ਹੈ
ਕਿਰਪਾ ਕਰਕੇ ਜਰੂਰ ਧਿਆਨ ਦੇਵੋ
ਅਸੀਂ ਸਭ ਫਿਰ ਹੀ ਸੋਹਣਾ ਜੀਅ ਸਕਾਂਗੇ ਅਗਰ ਇਸ ਧਰਤੀ ਤੇ
ਵਸਦੇ ਸਾਰੇ ਇਨਸਾਨ, ਜੀਵ, ਜੰਤੂ ਤੇ ਸਾਰੀ ਕੁਦਰਤ ਦਰੁਸਤ ਹੋਵੇ
ਉਮੀਦ ਹੈ ਅਸੀਂ ਆਪਣਾ ਤੇ ਸਭ ਦਾ ਭਲਾ ਚਾਹੁੰਦੇ ਹੋਵਾਂਗੇ
ਦੁਵਾਵਾਂ ਸਕੂਨ ਭਰੀ ਜ਼ਿੰਦਗੀ ਦੀਆਂ
ਰੱਬ ਭਲਾ ਕਰ ਰਿਹਾ ਦੋਸਤੋ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਕੁਝ ਵੀ ਮੁਸ਼ਕਿਲ ਹੈ, ਔਖਾ ਸਮਾਂ ਜਾਂ ਪ੍ਰੇਸ਼ਾਨ ਕਰਨ ਵਾਲੀ
ਸਥਿਤੀ ਹੈ ਤਾਂ ਗੌਰ ਨਾਲ ਉਸ ਮੁਸ਼ਕਿਲ ਨੂੰ ਵੇਖੋ
ਹਰ ਹਨੇਰੇ ਚ ਕੋਈ ਰੋਸ਼ਨੀ ਜਰੂਰ ਹੁੰਦੀ ਹੈ
ਬਸ ਤੁਹਾਡੇ ਸ਼ਾਂਤ ਰਹਿਕੇ ਸਾਰੀ ਸਥਿਤੀ ਨੂੰ
ਧਿਆਨ ਨਾਲ ਵੇਖਣ ਦੀ ਲੋੜ ਹੈ
ਤੁਸੀਂ ਜਿਸ ਵਕ਼ਤ ਮੁਸ਼ਕਿਲ ਨੂੰ ਸਮਝ ਲਿਆ ਓਸੇ
ਪਲ ਉਸ ਹਲਾਤ ਚੋਂ ਬਾਹਰ ਆਉਣ ਦੀ ਰੋਸ਼ਨੀ ਵੀ
ਤੁਹਾਨੂੰ ਨਜ਼ਰ ਆ ਜਾਵੇਗੀ
ਪ੍ਰੇਸ਼ਾਨੀ ਦਾ ਜਿਆਦਾ ਜ਼ਿਕਰ ਨਾ ਕਰੋ, ਹੱਲ ਲੱਭਣ ਵੱਲ ਤੁਰੋ
ਦੁਵਾਵਾਂ ਆਸਾਨ ਹੋਕੇ ਜੀਊਣ ਦੀਆਂ
ਮੁਸਕੁਰਾਓ ਖੁਦ ਲਈ
ਰੱਬ ਭਲਾ ਕਰ ਰਿਹਾ
ਜੀਓ
ਪ੍ਰੇਮ





ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਧੂਰੀ ਜਾਣਕਾਰੀ ਜਾਂ ਫਿਰ ਸਿਰਫ ਅੰਦਾਜ਼ਾ ਲਗਾ ਕੇ
ਕੀਤੀ ਗੱਲ ਹਮੇਸ਼ਾਂ ਨੁਕਸਾਨ ਕਰਦੀ ਹੈ
ਸਿਰਫ਼ ਉਦੋਂ ਬੋਲੋ ਜਦੋਂ ਪੂਰੀ ਤਰਾਂ ਵਿਸ਼ੇ ਦੀ ਜਾਂ
ਗੱਲ ਦੀ ਜਾਣਕਾਰੀ ਹੋਵੇ
ਪਿਆਰਿਓ ਜਾਣਦੇ ਨਹੀਂ ਤਾਂ ਜਾਨਣ ਵੱਲ ਧਿਆਨ ਦੇਵੋ,
ਨਹੀਂ ਤਾਂ ਚੁੱਪ ਰਹਿਣਾ ਤੇ ਦੂਸਰਿਆਂ ਨੂੰ ਚੰਗੀ ਤਰਾਂ
ਸੁਣਨਾ ਵੀ ਖੂਬਸੂਰਤ ਤਰੀਕਾ ਹੈ ਬੁੱਧੀਮਾਨ ਹੋਣ ਦਾ
ਦੁਵਾਵਾਂ ਜਾਨਣ ਦੀ ਤਲਬ ਜਗੇ
ਰੱਬ ਭਲਾ ਕਰ ਰਿਹਾ ਦੋਸਤੋ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਕਦੀ ਵੀ ਤਰੱਕੀ ਜਾਂ ਤਕਨੀਕ ਦਾ
ਵਿਕਾਸ ਖ਼ਰਾਬ ਨਹੀਂ ਹੁੰਦਾ
ਬਸ ਧਿਆਨ ਦੇਣਯੋਗ ਗੱਲ ਇਹ ਹੈ ਕੇ ਕੀ ਸਾਨੂੰ
ਤਕਨੀਕ ਦਾ ਸਹੀ ਇਸਤੇਮਾਲ ਕਰਨਾ ਆਉਂਦਾ ਹੈ
ਦੋਸਤੋ ਹੁਣ ਦੇ ਵਕ਼ਤ ਚ ਅਸੀਂ ਫ਼ੋਨ ਜਾਂ ਸਕਰੀਨ ਦੀ
ਵਰਤੋਂ ਰਾਹੀਂ ਪੜ੍ਹਾਈ ਨਾਲ ਤੇ ਆਪਣੇ ਸਕੂਲ,
ਕਾਲਜ਼ ਨਾਲ ਜੁੜੇ ਹੋਏ ਹਾਂ
ਇਹ ਬਹੁਤ ਜ਼ਰੂਰੀ ਕੇ ਅਸੀਂ ਇਸਨੂੰ ਲੋੜ ਅਨੁਸਾਰ,
ਇਮਾਨਦਾਰੀ ਤੇ ਨੈਤਿਕ ਪੱਖਾਂ ਨੂੰ ਧਿਆਨ ਚ ਰੱਖਕੇ ਵਰਤ ਰਹੇ ਹੋਈਏ
ਖੁਦ ਦਾ, ਦੂਜੇ ਦਾ ਤੇ ਸਮੇਂ ਦੀ ਜਰੂਰਤ ਦਾ ਖ਼ਿਆਲ ਰੱਖਕੇ ਤਕਨੀਕ ਨੂੰ ਵਰਤੋਂ
ਦੁਵਾਵਾਂ ਜ਼ਿੰਮੇਵਾਰ ਤੇ ਸ਼ਾਨਦਾਰ ਇਨਸਾਨ ਹੋਣ ਦੀਆਂ
ਰੱਬ ਭਲਾ ਕਰਦਾ ਦੋਸਤੋ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਕੁਦਰਤ ਦਾ ਪ੍ਰਬੰਧ ਬੇਹੱਦ ਖੂਬਸੂਰਤ ਹੈ
ਸਾਡੀ ਜ਼ਿੰਦਗੀ ਚ ਮਾਨਸਿਕ ਜਾਂ ਸਰੀਰਕ ਕਿਸੇ ਵੀ ਤਰਾਂ ਦੀ ਸਮੱਸਿਆ ਹੋਵੇ,
ਉਹ ਕੁਦਰਤੀ ਢੰਗ ਨਾਲ ਖੁਦ ਬ ਖੁਦ ਸਹੀ ਹੋਣ ਵੱਲ ਤੁਰ ਪਵੇਗੀ
ਸਿਰਫ ਸਾਨੂੰ ਸਮੱਸਿਆ ਦੇ ਵਕਤ
ਸ਼ਾਂਤ ਰਹਿਣ ਦੀ ਲੋੜ ਹੁੰਦੀ ਹੈ
ਜ਼ਿੰਦਗੀ ਦੀ ਖ਼ੁਸ਼ਹਾਲੀ ਹਰ ਇਨਸਾਨ ਲਈ ਹੈ
ਅਸੀਂ ਬਸ ਆਪਣੀ ਜੀਣ ਦੀ ਕਾਹਲੀ ਤੇ ਕੁਝ ਦੁਨਿਆਵੀ
ਲਾਲਸਾ ਕਾਰਨ ਕੁਦਰਤ ਦੇ ਖ਼ੁਸ਼ਹਾਲੀ ਭਰੇ ਤੋਹਫ਼ੇ ਲੈਣ ਤੋਂ ਵਾਂਝੇ ਰਹਿ ਜਾਂਦੇ ਹਾਂ
ਦੋਸਤੋ ਆਪਣੇ ਅੰਦਰ ਕੁਦਰਤ ਦੇ ਪ੍ਰੇਮ, ਸਬਰ, ਸੇਵਾ ਭਾਵ ਦੇ ਗੁਣ ਜਗਾਓ
ਬਾਕੀ ਤੁਹਾਡਾ ਹਰ ਤਰਾਂ ਦਾ ਖਿਆਲ ਕੁਦਰਤ ਖੁਦ ਰੱਖੇਗੀ
ਦੁਵਾਵਾਂ ਜ਼ਿੰਦਗੀ ਦੀ ਖ਼ੁਸ਼ਹਾਲੀ ਦੀਆਂ
ਰੱਬ ਭਲਾ ਕਰ ਰਿਹਾ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਅਸਲ ਸਿੱਖਿਆ ਕਦੇ ਕੋਈ ਮੁਕਾਬਲਾ ਨਹੀਂ ਸਖਾਉਂਦੀ
ਮੁਕਾਬਲੇ ਦੀ ਭਾਵਨਾ ਸਿਰਫ਼ ਪੈਸੇ ਤੇ ਕੇਂਦਰਿਤ ਪੜਾਈ ਹੀ ਦੇ ਰਹੀ ਹੈ
ਜੋ ਸਿਰਫ਼ ਕਮਾਉਣਾ ਕਿੰਜ ਹੈ ਬਾਰੇ ਤਿਆਰੀ ਕਰਵਾ ਰਹੀ ਹੈ
ਅਸਲ ਸਿੱਖਿਆ ਤਾਂ ਚੰਗੇ ਇਨਸਾਨ ਬਣਨ, ਸਭ ਦੇ ਭਲੇ ਲਈ
ਤੇ ਇਸ ਗ੍ਰਹਿ ਦੇ ਚੰਗੇ ਲਈ ਕੰਮ ਕਰਨ ਤੇ ਇਕ ਦੂਜੇ ਦਾ
ਸਾਥ ਦੇਣ ਲਈ ਸਿੱਖਿਅਤ ਕਰਦੀ ਹੈ
ਦੋਸਤੋ ਫਰਕ ਪਹਿਚਾਣੋ
ਅਗਰ ਮੁਕਾਬਲੇਬਾਜ਼ ਬਣਾਇਆ ਜਾ ਰਿਹਾ ਤਾਂ ਇਹ
ਅਸਲ ਚ ਕਮਾਉਣ ਦਾ ਢੰਗ, ਤਰੀਕਾ ਜਾਂ ਸਕੀਮ ਹੋ ਸਕਦੀ ਸਿੱਖਿਆ ਨਹੀਂ
ਉਮੀਦ ਹੈ ਅਸੀਂ ਇਕ ਦੂਜੇ ਦਾ ਸਾਥ ਦੇਣ ਵਾਲੀ ਸਿੱਖਿਆ
ਵੱਲ ਜਾਣ ਦੀ ਚਾਹਤ ਰੱਖਾਂਗੇ
ਕਿਉਂ ਕਿ ਕੁਦਰਤ ਸਾਡੇ ਤੋਂ ਇਹ ਚਾਹ ਰੱਖਦੀ ਹੈ ਤੇ ਇਕ
ਕਮਾਲ ਦੇ ਪਿਆਰੇ ਇਨਸਾਨ ਦਾ ਇਹ ਗੁਣ ਵੀ ਹੈ ਕੇ ਓਹ ਸਾਥ ਦੇਂਦਾ ।
ਦੁਵਾਵਾਂ ਸੱਚਮੁੱਚ ਸਿੱਖਿਅਤ ਹੋਣ ਦੀਆਂ
ਰੱਬ ਭਲਾ ਕਰਦਾ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਕੁਦਰਤ , ਪਰਮਾਤਮਾ, ਜੀਵਨ ਹਮੇਸ਼ਾ ਮਾਸੂਮੀਅਤ ਤੇ
ਭੋਲੇ ਭਾਲੇ ਰੂਪ ਚ ਪ੍ਰਗਟ ਹੁੰਦੇ
ਅਸੀਂ ਦੁਨੀਆਂ ਦਾਰੀ ਦੀਆਂ ਚੁਸਤ ਚਲਾਕੀਆਂ ਚ ਹੌਲੀ
ਹੌਲੀ ਆਪਣੀ ਮਾਸੂਮੀਅਤ ਤੋਂ ਦੂਰ ਹੋ ਜਾਂਦੇ ਤੇ ਫਿਰ
ਤਮਾਮ ਉਮਰ ਬਚਪਨ ਨੂੰ ਤਰਸਦੇ ਰਹਿੰਦੇ
ਅਸਲ ਚ ਅਸੀਂ ਉਸ ਉਮਰ ਨੂੰ ਨਹੀਂ, ਉਸ ਭੋਲੇਪਨ ਨੂੰ ਲੱਭਦੇ ਰਹਿੰਦੇ ਹਾਂ
ਦੋਸਤੋ ਮਾਸੂਮੀਅਤ ਸਿਰਫ ਬਚਪਨ ਦੀ ਗੱਲ ਨਹੀਂ
ਉਹ ਜਿਹੜਾ ਵੀ ਇਨਸਾਨ ਵਾਧੇ ਘਾਟੇ , ਨਫ਼ੇ ਨੁਕਸਾਨ ਤੇ
ਆਮ ਖਾਸ ਦੀ ਚਾਹ ਚੋ ਬਾਹਰ ਆ ਜਾਊ ਉਹ ਮਾਸੂਮੀਅਤ ਨੂੰ ਪਾ ਲਵੇਗਾ
ਪਿਆਰਿਓ ਆਓ ਆਪਣੇ ਅਸਲ ਰੂਪ ਨੂੰ ਤਲਾਸ਼ ਕਰੀਏ
ਖੋਜ ਕਰੋ ਆਪਣੇ ਭੋਲੇਪਨ ਦੀ
ਦੁਵਾਵਾਂ ਮਿਲ ਜਰੂਰ ਜਾਵੇ
ਰੱਬ ਸਾਥ ਹੈ ਹਮੇਸ਼ਾ
ਜੀਓ
ਪ੍ਰੇਮ




ਪਿਆਰੀ ਧਰਤੀ ਦੇ ਵਸਨੀਕ ਪਿਆਰੇ ਦੋਸਤੋ
ਪਿਛਲੇ ਕੁਝ ਵਕ਼ਤ ਤੋਂ ਅਸੀਂ ਕੁਝ ਬਕਮਾਲ ਸ਼ਖ਼ਸੀਅਤਾਂ
ਦੇ ਸੁਨੇਹੇ ਤੁਹਾਡੇ ਨਾਲ ਸਾਂਝੇ ਕੀਤੇ
ਪੜ੍ਹਨ ਲਈ ਸ਼ੁਕਰੀਆ
ਉਮੀਦ ਹੈ ਕਿਤੇ ਉਹ ਸੁਨੇਹੇ ਤੁਹਾਡਾ ਸਾਥ ਦੇਣਗੇ
ਜ਼ਿੰਦਗੀ ਦੀ ਰੋਸ਼ਨੀ ਤੁਹਾਨੂੰ ਰੋਸ਼ਨ ਕਰੇ
ਕੁਦਰਤ ਹਰ ਪਲ ਤੁਹਾਡਾ ਸਾਥ ਦੇਵੇ
ਸੇਧ ਦੇਵੇ
ਰੱਬ ਭਲਾ ਕਰੇ
ਜੀਂਦੇ ਵਸਦੇ ਰਹੋ
ਸ਼ੁਕਰੀਆ ਰੱਬ ਰਾਖਾ


A True friend who Leaves heartfelt messages,
can be a lighthouse to others,
sharing light and truth,
which comes from the heart
-Tom Baker

ਪਿਆਰੇ ਸਾਥੀਓ
ਦੋਸਤ ਉਹੀ ਜੋ ਇਮਾਨਦਾਰ ਹੋਵੇ।
ਜਿਹੜਾ ਸੱਚ ਬੋਲਣ ਦੀ ਹਿੰਮਤ ਤੇ ਤਾਕਤ ਰੱਖਦਾ ਹੋਵੇ।
ਓਪਰੀ ਹਿਮਾਇਤ ਤੇ ਬਣੀ ਬਣਾਈ ਰੱਖਣ ਵਾਲਾ ਬੋਲਚਾਲ ਇਨਸਾਨ ਨੂੰ
ਖ਼ੁਦ ਪ੍ਰਤੀ ਇਮਾਨਦਾਰ ਨਹੀਂ ਹੋਣ ਦੇਂਦਾ ਤੇ ਅਜਿਹਾ ਇਨਸਾਨ ਹਮੇਸ਼ਾ
ਅਸੁਰੱਖਿਅਤ ਮਹਿਸੂਸ ਕਰਦਾ ।
ਉਹ ਕਦੇ ਕਿਸੇ ਦਾ ਸੱਚਾ ਦੋਸਤ ਨਹੀਂ ਹੋ ਸਕਦਾ।
ਜਦਕਿ ਜ਼ਿੰਦਗੀ ਦੇ ਔਖੇ ਸੋਖੇ ਰਸਤਿਆਂ ਤੇ ਰਾਹ
ਰੁਸ਼ਨਾਉਣ ਵਾਲੇ ਬੋਲ ਕਹਿੰਦਾ, ਹਰੇਕ ਦੀ ਮਦਦ ਲਈ
ਤਤਪਰ, ਪ੍ਰੇਮ ਵੰਡਦਾ ਇਨਸਾਨ ਕਿਸੇ ਇੱਕ ਦਾ ਨਹੀਂ ਬਲਕਿ ਸਭਨਾਂ ਦਾ
ਦੋਸਤ ਹੁੰਦਾ।
ਸਮਝਣ ਵਾਲੀ ਗੱਲ ਹੈ ਕਿ ਖੁੱਲ੍ਹੇ ਦਿਲ ਨਾਲ ਸੱਚ
ਸਵੀਕਾਰ ਕਰਕੇ ਅਸੀਂ ਆਪਣੀ ਮੱਦਦ ਆਪ ਕਰਦੇ, ਖੁਦ ਨਾਲ ਸੁਖਾਲੇ
ਹੁੰਦੇ ਤੇ ਹੋਰਨਾਂ ਨਾਲ ਵੀ। ਜੇ ਸੱਚ ਵੱਲੋਂ ਅੱਖਾਂ ਮੁੰਦ ਲਈਏ ਤੇ ਚਾਨਣ-
ਮੁਨਾਰਿਆਂ ਦਾ ਕੁਝ ਨਹੀਂ ਵਿਗੜਦਾ ਪਰ ਆਪਣੇ ਹਿੱਸੇ ਹਨੇਰਾ ਹੀ
ਰਹਿੰਦਾ।
ਆਓ ਆਪਣੇ ਵੱਲ ਧਿਆਨ ਦੇਈਏ, ਚਾਨਣ ਦੇ ਹਾਣੀ ਬਣੀਏ।
ਸ਼ੁਕਰਗੁਜ਼ਾਰ ਹੋਈਏ ਪਰਮਾਤਮਾ ਦੇ ਅਤੇ ਉਸ ਦੀਆਂ ਨਿਵਾਜੀਆਂ ਰੂਹਾਂ
ਦੇ